
FARM AND SPICE
Open 7 Days a Week
8.30 am to 9.00 pm
SPECIAL OFFERS : 15- 21 July
Daily Specials on
ਪੁਦੀਨਾ
Mint
99¢/each
ਸਟ੍ਰਾਅਬੈਰੀ
Strawberry
$1.99 each
ਹਰੇ ਪਿਆਜ਼
Green Onion
2 for $1.00
ਕਲਰਡ ਪੈਪਰ
Yellow/Orange Pepper
$1.49 /lb
ਅਨਾਰ
Pomegranate
$2.49 each
ਨਮਕੀਨਜ਼
Balaji
Assorted Namkeen
200g $1.49 each
500g $2.99 each
ਨਮਕੀਨਜ਼
Balaji
Assorted Namkeen
ਭੁੰਨਿਆ ਚਨਾ (ਸਾਬਤ)
Sher
Chana with skin
400g $2.79 each
800g $4.79 each
ਹੈਲੋ ਜੀ ਰੱਸ
Hello ji
Saunf Elaichi & Milk Rusk
600g $3.99 each
ਵੇਰਕਾ ਪੱਫ
Verka
Assorted Khari Puff
350g $4.99 each
ਮਖਾਣਾ
Crispeez
flavoured makhana assorted
70g $4.79 each
4lb $3.99 each
ਸੌਰਬੀ ਐਸਾਰਟਿਡ ਆਟਾ
Saurbhi/Hello Ji Flour
Bajari Flour/Corn Flour/ Ragi Atta/Besan
20lb $11.99 each
ਹੀਰ ਕਣਕ ਆਟਾ
Heer
Chakki Atta
20lb $11.99 each
ਹੀਰ ਚਪਾਤੀ ਆਟਾ
Heer
Whole Grain Atta
PUNJABI FLAVOURED KULFI ALSO AVAILABLE
DESIGNER RAKHI AVAILABLE
DHALIWAL BAKERY ITEMS AVAILABLE NOW
# 09-10 12830 96 Ave. Surrey BC | Tel: 604 930 7742
# 103-104 14320 64 Ave. Surrey BC | Tel: 604 593 6323
Curbside pick up available
*while supply last



INDO-CANADIAN YOUTH CLUB ABBOTSFORD
PRESENTS
MAKHAN BRAR
MOHAMMAD SADIQ & SUKHJEET KAUR
GILL HARDEEP
YASHVI
HARRY SANDHU
JASSI KAUR
HARPREET DHILLON
NACHATTAR GILL
JOHN BEDI
CHANNI NATTAN
INDERPAL MOGA
NARINDER KAILEY
ਪੰਜਾਬੀ ਸੱਭਿਆਚਾਰਕ ਮੇਲਾ
ROTARY STADIUM ABBOTSFORD
SUNDAY 17 JULY, 2022
FREE ENTRY
TIME: 12PM - 7PM
ਕੋਈ ਟਿਕਟ ਨਹੀਂ
ਬੱਚਿਆਂ ਲਈ ਰਾਈਡਾਂ ਅਤੇ ਖਾਣ-ਪੀਣ ਦੇ ਸਟਾਲਾਂ ਦਾ ਵੀ ਪ੍ਰਬੰਧ ਹੋਵੇਗਾ।
BRAD VIS MP
BRUCE BANMAN
BRAUN HENRY
HARJIT GILL
LUCKY SAHOTA
HARJINDER S THIND
GURVINDER S DHALIWAL
BRAR BHAGTA BHAI KA
GURDEEP S GREWAL
DAVE SIDHU
Ranjodh S. Chakar (Jodha) 604-825-8315
Harvinder S. Toor 604-825-3839
Nirvar Padda 604-807-8399
Sukhwinder Gill 604-825-4479
Harman Sidhu 604-309-7900
Daljit Sandhu 604-825-0813
Sukha Sherpura 778-779-0300
ACC GOLD & DIAMOND JEWELLERS
Unit #4 - 2629 Cedar Park Pl, Abbotsford, BC V2T 3S4
604-850-0123
HAPPY DEOL SUPER SAVE GROUP
Mountainview Insurance Services Ltd 604-557-0255
TOOR CONSTRUCTION 604-825-3839
G Star Interiers
LUDHIANA MALWA Homes Ltd.
BIG BRO FURNITURE 604-746-5533
Sri Guru Nanak Travel Abbotsford
UPPAL BUILDING SUPPLIES LTD.
APNA LANDSCAPING
MidValley Insurance
Bombay Banquet Hall
Kingfisher Homes Daljit Sandhu
GATEWAY PIZZA
NOOR TENT AMARPAL
Townline Hair Cut
Baljinder Brar Real Estate Professional
Jagjit Bassi A-1 Party Rentals
PACIFIC DIESEL TRUCK REPAIR LTD
DAVESHAR TEAM
Townline Insurance Services Ltd 604-853-1112
DILJOT SIDHU Mortgage Broker
PRBH DEVELOPMENT Bob Sidhu & Brothers
North Coast Trucking
Maskeen DEVELOPMENT
SAFECO Truck Lines Ltd
R. Mann Trucking
FRUTICANA JARNAIL AUJLA
SURDEL STUCCO
Kahlon Law Office
RAJ HANS
DEEP DEOL
AKAL
K-TOWN
YOUNG BOY DRYWAL
20/20 PLUMBING LTD
REDSTAR 604 615 3791
ACME 778-908-5931
Sunrise WINDOWS
AGS CONSTRUCTIONS LTD
ALDERGROVE FURNITURE WAREHOUSE 604-723-1670
L&P TIRES ABBOTSFORD 604-850-2425
sds
LANGLEY BANQUET HALL
Gurdwara Khalsa Diwan Society Abbotsford, Gurdwara Baba Banda Singh Bahadur Sikh Society, Gurdwara Sahib Kalgidhar Darbar, Mision Sikh Temple, Hindu Mandir Abbotsford
ਪੰਜਾਬੀ ਪੱਤ੍ਰਿਕਾ
Aikam
ਪੰਜਾਬ ਟਾਈਮਜ਼
ਹਮਦਰਦ
PTC PUNJABI
101.7 FM

# ਮੁਸਲਮਾਨਾਂ ਦੀ ਜਗਾ ਤੇ ਬਣਾਇਆ ਮੰਦਰ



ਅਗਰਤਲਾ:ਤ੍ਰਿਪੁਰਾ ਦੀ ਰਾਜਧਾਨੀ ਅਗਰਤਲਾ ਸ਼ਹਿਰ ਦੇ ਬਾਹਰਵਾਰ ਨੰਦਨ ਨਗਰ ਇਲਾਕੇ ਵਿੱਚ ਉਦੋਂ ਤਣਾਅ ਪੈਦਾ ਹੋ ਗਿਆ ਜਦੋਂ ਮੁਸਲਿਮ ਵਸਨੀਕਾਂ ਨੇ ਦਾਅਵਾ ਕੀਤਾ ਕਿ ਹਿੰਦੂਤਵੀ ਸਮੂਹ ਦੇ ਮੈਂਬਰਾਂ ਨੇ 4 ਜੁਲਾਈ ਦੀ ਸਵੇਰ ਨੂੰ ਬੁਲਡੋਜ਼ਰ ਲਿਆ ਕੇ ਇੱਕ ਕਬਰਿਸਤਾਨ ਦੇ ਕੁਝ ਹਿੱਸਿਆਂ ਨੂੰ ਸਾਫ਼ ਕਰ ਦਿੱਤਾ ਸੀ ਅਤੇ ਇਲਾਕੇ ਵਿੱਚ ਇੱਕ ਅਸਥਾਈ ਮੰਦਰ ਦੀ ਸਥਾਪਨਾ ਕੀਤੀ ਗਈ ਸੀ। ਵਿਰੋਧ ਵਿੱਚ ਮੁਸਲਿਮ ਭਾਈਚਾਰੇ ਦੇ ਮੈਂਬਰਾਂ ਨੇ 5 ਜੁਲਾਈ ਨੂੰ ਇੱਕ ਮੁੱਖ ਸੜਕ ਨੂੰ ਜਾਮ ਕਰ ਦਿੱਤਾ ਸੀ। ਹਿੰਦੂ ਯੁਵਾ ਵਾਹਿਨੀ ਦੇ ਮੈਂਬਰਾਂ ਨੇ ਕਥਿਤ ਤੌਰ 'ਤੇ ਕਬਰਿਸਤਾਨ 'ਚ ਬਾਂਸ ਦਾ ਮੰਦਰ ਬਣਾ ਕੇ ਉਸ 'ਚ ਸ਼ਿਵਲਿੰਗ ਦੀ ਸਥਾਪਨਾ ਕੀਤੀ ਸੀ ਅਤੇ ਯੂ ਪੀ ਦੇ ਮੁਖ ਮੰਤਰੀ ਯੋਗੀ ਦੀ ਫੋਟੋ ਲਾ ਦਿੱਤੀ।

# ਹਿੰਦੂ ਲੀਡਰ ਵੱਲੋਂ ਕੁਰਾਨ ਬਾਰੇ ਗਲਤ ਬਿਆਨੀ

ਬੈਂਗਲੂਰੂ: ਭਾਰਤ ਦੇ ਕਰਨਾਟਕ ਰਾਜ ਵਿੱਚ ਇਸ ਵਾਰ ਇੱਕ ਹੋਰ ਹਿੰਦੂਤਵੀ ਆਗੂ ਕੇਸ਼ਵ ਮੂਰਤੀ ਨੇ ਕੁਰਾਨ ਬਾਰੇ ਗਲਤ ਬੋਲਿਆ ਹੈ। ਕੇਸ਼ਵ ਮੂਰਤੀ ਹਿੰਦੂ ਜਾਗਰਣ ਵੇਦਿਕ ਨਾਮਕ ਕੱਟੜਪੰਥੀ ਸੰਗਠਨ ਦਾ ਸੂਬਾ ਕਨਵੀਨਰ ਹੈ। ਇੱਕ ਭਾਸ਼ਣ ਵਿੱਚ- ਜਦੋਂ ਕੁਝ ਹਿੰਦੂ ਕਾਰਕੁਨ ਉਦੈਪੁਰ ਵਿੱਚ ਦਰਜ਼ੀ ਕਨ੍ਹਈਆ ਲਾਲ ਦੀ ਹੱਤਿਆ ਦਾ ਵਿਰੋਧ ਕਰ ਰਹੇ ਸਨ, ਰਾਜਸਥਾਨ ਕੇਸ਼ਵ ਮੂਰਤੀ ਨੇ ਕਿਹਾ, "ਕੁਰਾਨ ਕਹਿੰਦਾ ਹੈ ਕਿ ਲੋਕਾਂ ਨੂੰ ਮਾਰੋ। ਤਾਂ, ਕੀ ਤੁਸੀਂ ਨਹੀਂ ਸੋਚਦੇ ਕਿ ਕੁਰਾਨ ਪੜ੍ਹਣ ਵਾਲੇ ਵੀ ਇਸ ਦੀ ਪਾਲਣਾ ਨਹੀਂ ਕਰਨਗੇ? ਕੁਰਾਨ ਪੜ੍ਹਣ ਵਾਲੇ ਅੱਤਵਾਦੀ ਹਨ।" ਕਰਨਾਟਕ ਦੇ ਕੋਲਾਰ ਵਿੱਚ ਪੁਲਿਸ ਨੇ ਕੁਰਾਨ ਅਤੇ ਮੁਸਲਮਾਨਾਂ ਦੇ ਖਿਲਾਫ ਅਪਮਾਨਜਨਕ ਬਿਆਨ ਦੇਣ ਲਈ ਉਸਦੇ ਅਤੇ ਹੋਰਾਂ ਦੇ ਖਿਲਾਫ ਮਾਮਲਾ ਦਰਜ ਕੀਤਾ ਹੈ। ਇਹ ਸ਼ਿਕਾਇਤ ਅੰਜੁਮਨ-ਏ-ਇਸਲਾਮੀਆ ਸੰਗਠਨ ਦੇ ਪ੍ਰਧਾਨ ਜ਼ਮੀਰ ਅਹਿਮਦ ਨੇ ਦਰਜ ਕਰਵਾਈ ਹੈ। ਕੇਸ਼ਵ ਮੂਰਤੀ ਵਿਰੁੱਧ ਭਾਰਤੀ ਦੰਡਾਵਲੀ ਤਹਿਤ ਕੇਸ ਦਰਜ ਕੀਤਾ ਗਿਆ ਹੈ।


Sidhu Homeopathic Clinic

Homeopathic Treatment for Anxiety, Depression, Insomnia, Asthma, Allergies, Skin Diseases Dandruf, Arthritis, Uric Acid, Gastric Problems like Acidity, Kidney Stones, Male and Female Diseases



Dr. Malkit Singh Sidhu
D.H.M.S. (Hons.)
drmsidhu2@gmail.com

ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੂਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।




Dr. Kirandeep Kaur Sidhu
D.H.M.S. (Pb.)
drksidhu70@gmail.com

Ph: 604-446-3154 NO SIDE EFFECTS
#109-12830-80Ave, Surrey, BC V3W 3A8 (York Centre)



www.accuraterailing.com

AccurateRailing & AWNING LTD



* Topline Aluminum Patio Cover
* Car Ports * Insulated Patio Roof
* Gate or SDP Acrylic Patio Roof
* Custom Built Sunroom Enclosures

* Aluminum Picket Railing
* Glass Railing * Aluminum Fences
* Driveway Power or Manual Sliding & Swing Gate
* Window Security Bars

* ਪੈਟੀਊ ਕਵਰ
* ਅਲਮੀਨੀਅਮ ਰੇਲਿੰਗ
* ਗਲਾਸ ਰੇਲਿੰਗ * ਅਲਮੀਨੀਅਮ ਫੈਂਸ
* ਡਰਾਈਵੇਅ ਸਲਾਈਡਿੰਗ ਡੋਰ (ਪਾਵਰ ਜਾਂ ਮੈਨੂਅਲ)
* ਵਿੰਡੋ ਸਿਕਉਰਟੀ ਬਾਰ

For more information call:
Avtar S. Devgan or Jagtar S. Devgan
Ph: 604-596-6512
Cell: 604-866-1432 * Cell: 604-961-8767
Unit # 126, 130 - 12639 - 80th Avenue, Surrey


# ਸਰਹੱਦ 'ਤੇ ਚੀਨ ਦੀਆਂ ਹਰਕਤਾਂ ਵਧੀਆਂ: ਕਾਂਗਰਸ

ਅਸਾਮ (ਰਾਜੀਵ ਰੰਜਨ):-ਅਸਾਮ ਦੇ ਕਾਲੀਆਬੋਰ ਖੇਤਰ ਤੋਂ ਕਾਂਗਰਸ ਸੰਸਦ ਗੌਰਵ ਗੋਗੋਈ ਨੇ ਪ੍ਰੈਸ ਕਾਨਫਰੰਸ ਵਿੱਚ ਚੀਨ ਬਾਰੇ ਕਿਹਾ ਕਿ ਪੂਰਬੀ ਲੱਦਾਖ ਵਿੱਚ ਸਰਹੱਦ ਨੂੰ ਲੈ ਕੇ ਚਿੰਤਾ ਦਾ ਕੋਈ ਠੋਸ ਹੱਲ ਨਹੀਂ ਹੈ। ਵਿਦੇਸ਼ ਮੰਤਰਾਲੇ ਦੀ ਭਾਸ਼ਾ ਕਮਜ਼ੋਰ ਹੋ ਗਈ ਹੈ। ਅਸੀਂ ਉਹ ਸਥਿਤੀ ਚਾਹੁੰਦੇ ਹਾਂ ਜੋ ਪਹਿਲਾਂ ਸਰਹੱਦ 'ਤੇ ਸੀ। ਉਨ੍ਹਾਂ ਕਿਹਾ ਕਿ 5 ਜੁਲਾਈ ਨੂੰ ਜੋ ਬਿਆਨ ਆਇਆ ਹੈ, ਉਸ ਵਿੱਚ ਸਿਰਫ਼ ਫ਼ੌਜ ਨੂੰ ਹਟਾਉਣ ਦੀ ਗੱਲ ਕਹੀ ਗਈ ਹੈ। ਸਰਹੱਦ 'ਤੇ ਚੀਨ ਦੀ ਕਾਰਵਾਈ ਤੇਜ਼ ਹੋ ਗਈ ਹੈ। ਕਾਂਗਰਸ ਪੀਐਮ ਮੋਦੀ ਦੇ ਬਿਆਨ 'ਤੇ ਸਵਾਲ ਉਠਾ ਰਹੀ ਹੈ। ਮੋਦੀ ਦੇ ਬਿਆਨਾਨ ਵਿੱਚ ਡਰ ਨਜ਼ਰ ਆਂ ਰਿਹਾ ਹੈ। ਉਨਾ ਦੀ 56 ਇੰਚ ਛਾਤੀ ਅਤੇ ਲਾਲ ਅੱਖਾਂ ਕਿੱਥੇ ਗਈਆਂ? ਗੋਗੋਈ ਨੇ ਕਿਹਾ ਕਿ ਰਾਹੁਲ ਵਾਰ-ਵਾਰ ਕਹਿੰਦੇ ਹਨ ਕਿ ਡਰੋ ਨਾ। ਰੱਖਿਆ ਮੰਤਰਾਲੇ ਨੇ ਖੁਦ ਮੰਨਿਆ ਕਿ ਚੀਨੀ ਫੌਜ ਕਈ ਥਾਵਾਂ 'ਤੇ ਦਾਖਲ ਹੋ ਗਈ ਹੈ। ਬਾਅਦ ਵਿਚ ਉਸ ਨੂੰ ਰੱਖਿਆ ਮੰਤਰਾਲੇ ਦੇ ਦਸਤਾਵੇਜ਼ਾਂ ਤੋਂ ਹਟਾ ਦਿੱਤਾ ਗਿਆ ਸੀ।


Charlesworth insurance services ltd.

Servicing the following insurance needs:
• Homeowners • Condo • Cargo
• Tenants • RV's • Liability
• Farms • Business • Auto
• Travel • Contractors • Private Auto
• Life • Disability • Marriage Licence Issuer

ICBC autoplan VISA MasterCard

"For Fast, Friendly and Reliable Service!"



Phone: 604-852-2565
Fax: 852-2996

OPEN 7 DAYS A WEEK
MON, TUE, WED 8:30 AM - 8 PM
THUR, FRI 8:30 AM - 9 PM
SATURDAY 9 AM - 6 PM
SUN & HOLIDAYS 10 AM - 5 PM

1A-32465 South Fraser Way, Abbotsford, BC V2T 1X4



KOHALY PRINTING
Tel:604.594.2324 Fax:604.594.2361
Unit 210-12837-76th Ave, Surrey, B.C V3W2V3
www.kohalyprinting.com Email: info@kohalyprinting.com




Best Rates
ਵਿਆਹ ਦੇ ਕਾਰਡ

Letterheads, Business Cards, Envelops Invoices, Flyers, Folding, Stitching, Numbering, Rubbers Stamps, Receipt Books, Brochures
All kinds of Signs and Decals

ਲੈਟਰਹੈੱਡ, ਬਿਜ਼ਨਸ ਕਾਰਡ, ਲਫਾਫੇ, ਇਨਵੋਏਸਿਸ, ਇਸ਼ਤਿਹਾਰ, ਫੋਲਡਿੰਗ, ਸਟਿਚਿੰਗ, ਨੰਬਰਿੰਗ, ਰਬਰ ਸਟੈਂਪਸ, ਰਸੀਦ ਬੁੱਕ, ਬਰਾਊਚਰਜ ਅਤੇ ਹਰ ਤਰ੍ਹਾਂ ਦੇ ਸਾਈਨ ਤੇ ਡੈਕਲ

ਵਧੀਆ ਪ੍ਰਿੰਟਿੰਗ ਅਤੇ ਘੱਟ ਘੱਟ ਕੀਮਤਾਂ ਤੇ ਪ੍ਰਿੰਟਿੰਗ ਦਾ ਕੰਮ ਕਰਾਉਣ ਲਈ ਸਾਡੇ ਨਾਲ ਸੰਪਰਕ ਕਰੋ

# "ਕੁਝ ਤੋਂ ਮਜਬੂਰੀਆਂ ਰਹੀ ਹੋਂਗੀ ਯੂੰ ਕੋਈ ਬੇਵਫ਼ਾ ਨਹੀਂ ਹੋਤਾ.."

ਚੰਡੀਗੜ੍ਹ ਬਾਰੇ ਬੇਵਸੀ ਅਤੇ ਬੇਵਫਾਈ ਭਰਿਆ ਬੇਤੁਕਾ ਬਿਆਨ ਵਾਪਸ ਲੈਣ ਤੋਂ ਬਗੈਰ, ਬੇਚਾਰੇ ਭਗਵੰਤ ਮਾਨ ਜੀ, ਤੁਹਾਡੇ ਕੋਲ ਕੋਈ ਰਾਹ ਨਹੀਂ ਬਚਿਆ। ਮੁੱਖ ਮੰਤਰੀ ਹੁੰਦਿਆਂ ਵੀ ਕਿਹੜੀਆਂ ਮਜਬੂਰੀਆਂ ਕਾਰਨ ਬੇਵੱਸ ਹੋ ਕੇ ਪੰਜਾਬ ਨਾਲ ਬੇਵਫਾਈ ਕਰ ਰਹੇ ਹੋ, ਇਹ ਸਭ ਜਾਣਦੇ ਹਨ। ਤੁਹਾਡੀ ਬੇਵਫ਼ਾਈ ਤੋਂ ਇਉਂ ਲੱਗਣ ਲੱਗਿਆ ਹੈ ਕਿ ਅਮਿਤ ਸ਼ਾਹ ਤੋਂ ਹਰਿਆਣੇ ਲਈ ਚੰਡੀਗੜ੍ਹ 'ਚ ਹਾਈ ਕੋਰਟ ਬਣਾਉਣ ਦਾ ਬਿਆਨ ਦੁਆਇਆ ਹੀ ਤੁਹਾਡੇ ਆਗੂ ਕੇਜਰੀਵਾਲ ਨੇ ਹੈ। ਹੁਣ ਰਾਘਵ ਚੱਡੇ ਦੀ ਅਗਵਾਈ 'ਚ ਮੁੱਖ ਮੰਤਰੀ ਉਪਰ 'ਸੁਪਰ ਮੁੱਖ ਮੰਤਰੀ' ਵਾਲੀ ਟੀਮ ਬਣਾਉਣ ਵਾਲਾ ਗੈਰ- ਵਿਧਾਨਕ ਕਦਮ ਵੀ ਤੁਹਾਨੂੰ ਬਰਬਾਦ ਕਰੇਗਾ। ਪਹਿਲਿਆਂ ਸਿਆਸਤਦਾਨਾਂ ਕਾਂਗਰਸੀਆਂ, ਅਕਾਲੀਆਂ, ਭਾਜਪਾਈਆਂ ਅਤੇ ਹੋਰਨਾਂ ਦੀਆਂ ਬਦਨੀਤੀਆਂ ਕਰਕੇ ਪੰਜਾਬੀਆਂ ਨੇ ਤੁਹਾਨੂੰ ਬਲ ਬਖ਼ਸ਼ਿਆ ਸੀ, ਪਰ ਤੁਹਾਡਾ ਵੀ ਬਿਲਕੁਲ ਬੇੜਾ ਬਹਿ ਗਿਆ ਲੱਗਦਾ ਹੈ। ਤੁਸੀਂ ਪੰਜਾਬ ਯੂਨੀਵਰਸਿਟੀ ਕੇਂਦਰ ਤੋਂ ਤਾਂ ਕੀ ਬਚਾਉਣੀ ਹੈ, ਤੁਸੀਂ ਤਾਂ ਬਚਿਆ-ਖੁਚਿਆ ਵੀ ਭਿਖਾਰੀਆਂ ਵਾਂਗ ਕੇਂਦਰ ਤੋਂ ਮੰਗ ਰਹੇ ਹੋ। ਬਲਕਿ ਆਪਣੇ ਹੱਥੀਂ ਲੁਟਾ ਰਹੇ ਹੋ, ਇਹ ਕਹਿ ਕੇ ਕਿ 'ਸਾਡੇ ਸਾਰੇ ਘਰ 'ਚੋਂ ਸਾਨੂੰ ਹਿੱਸਾ ਦੇ ਦਿਓ'। ਵਾਹ ਭਗਵੰਤ ਸਿਹਾਂ! ਕੀਹਨੂੰ ਪੁੱਛ ਕੇ ਇਹ ਬਿਆਨ ਦਿੱਤਾ ਤੁਸੀਂ? ਕੀ ਹੱਕ ਹੈ ਤੁਹਾਨੂੰ ਚੰਡੀਗੜ੍ਹ ਦੇ ਨਾਂ 'ਤੇ ਕੇਂਦਰ ਨਾਲ ਸਮਝੌਤਾ ਕਰਨ ਦਾ ? ਤੁਸੀਂ ਹਰਿਆਣੇ 'ਚ ਜਾਂ ਹੋਰ ਸੂਬੇ ਵਿਚ ਚੋਣਾਂ ਤਾਂ ਕੀ ਜਿੱਤਣੀਆਂ ਹਨ, ਪੰਜਾਬ ਵਿੱਚ ਵੀ ਆਪਣੀ ਹਸਤੀ ਖ਼ਤਮ ਕਰ ਲਵੋਂਗੇ ਅਤੇ ਇਸ ਦੇ ਜ਼ਿੰਮੇਵਾਰ ਤੁਸੀਂ ਖ਼ੁਦ ਹੋਵੋਗੇ! ਤੁਹਾਡੀ ਬੇਵਫ਼ਾਈ 'ਤੇ ਬਸ਼ੀਰ ਬਦਰ ਸਾਹਿਬ ਦਾ ਇਹ ਸ਼ੇਅਰ ਬਿਲਕੁਲ ਢੁਕਦਾ ਹੈ ਅਤੇ ਇਸ ਦਾ ਜਵਾਬ ਵੀ ਤੁਸੀਂ ਹੀ ਦੇ ਸਕਦੇ ਹੋ :

"ਕੁਛ ਤੋਂ ਮਜਬੂਰੀਆਂ ਰਹੀ ਹੋਂਗੀ
ਯੂੰ ਕੋਈ ਬੇਵਫ਼ਾ ਨਹੀਂ ਹੋਤਾ।"

ਹੁਣ ਵੇਖਣਾ ਇਹ ਹੈ ਕਿ ਤੁਹਾਡੇ ਸੋਹਲੇ ਗਾਉਣ ਵਾਲੇ ਲੇਖਕ, ਕਵੀ, ਕਲਾਕਾਰ ਆਦਿ ਤੁਹਾਡੇ ਬਦ-ਦਿਮਾਗੀ ਅਤੇ ਬੇਵਫਾਈ ਭਰੇ ਬਿਆਨ 'ਤੇ ਤੁਹਾਨੂੰ ਲਾਹਨਤਾਂ ਪਾਉਂਦੇ ਹਨ ਜਾਂ ਮੂੰਹ ਰੱਖ ਕੇ 'ਮੂਰਖ' ਹੀ ਸਾਬਤ ਹੁੰਦੇ ਹਨ।

ਸੁਹਿਰਦ ਸੱਜਣ ਉਹ ਹੁੰਦਾ ਹੈ, ਜੋ ਤਬਾਹ ਹੋਣ ਤੋਂ ਪਹਿਲਾਂ ਸਾਵਧਾਨ ਕਰਦਿਆਂ ਆਖੇ ਕਿ ਬਚ ਜਾਓ ਜੇਕਰ ਬਚ ਸਕਦੇ ਹੋ। ਆਪਣੇ ਆਲੇ -ਦੁਆਲੇ ਤੋਂ ਬਚਣ ਦੀ ਵਧੇਰੇ ਲੋੜ ਹੈ। ਕਿਸੇ ਸ਼ਾਇਰ ਦੇ ਕਥਨ ਸੱਚ ਹਨ.. "ਰਾਸਤਾ ਕਾਟਤੀ ਬਿੱਲੀ ਕਾ ਸਬੱਬ ਮੱਤ ਪੂਛੋ, ਸਾਥ ਚਲਤੇ ਹੂਏ ਲੋਗੋਂ ਸੇ ਖਬਰਦਾਰ ਰਹੋ.."

ਆਖ਼ਰੀ ਮੌਕਾ ਹੈ! ਕੇਂਦਰ ਅੱਗੇ ਲੇਲ੍ਹੜੀਆਂ ਕੱਢਣ ਦੀ ਥਾਂ, ਸਿੱਧੇ ਹੋ ਕੇ ਟੱਕਰੋ ਤੇ ਇਹ ਕਹੋ ਕਿ ਚੰਡੀਗੜ੍ਹ ਵਿਚ ਹਰਿਆਣੇ ਲਈ ਵਿਧਾਨ ਸਭਾ ਦੀ ਥਾਂ ਦੇਣਾ ਬਿਲਕੁਲ ਗਲਤ ਹੈ। ਇਸ ਦੇ ਖ਼ਿਲਾਫ਼ ਆਵਾਜ਼ ਉਠਾਓ। ਆਪਣੇ ਹੀ ਘਰ ਦੇ ਦਰ ਮੂਹਰੇ, ਠੂਠਾ ਫੜ ਕੇ ਭੀਖ ਮੰਗਦੇ ਚੰਗੇ ਨਹੀਂ ਲੱਗਦੇ। ਚੰਡੀਗੜ੍ਹ ਪੰਜਾਬ ਦਾ ਸੀ, ਹੈ ਤੇ ਰਹੇਗਾ। ਚੰਡੀਗੜ੍ਹ ਬਾਰੇ ਤਾਂ ਸਾਡੇ ਲੋਕ ਅਖਾਣ ਵੀ ਬਣ ਚੁੱਕੇ ਹਨ, ਜੋ ਸ਼ਾਇਦ ਤੁਹਾਡੇ ਕੰਨਾਂ 'ਚ ਗੂੰਜਣ ਅਤੇ ਗ਼ਾਫਿਲ ਦੀ ਨੀਂਦ ਸੁੱਤਿਆਂ ਨੂੰ ਜਗਾ ਦੇਣ ...

"ਖਿੜਿਆ ਫੁੱਲ ਗੁਲਾਬ ਦਾ
ਚੰਡੀਗੜ੍ਹ ਪੰਜਾਬ ਦਾ.. "

**ਡਾ ਗੁਰਵਿੰਦਰ ਸਿੰਘ**


THE INDIAN EXPRESS
Fazilka, Abohar areas for Haryana
PM's call to end fast
Status quo for five years
CHANDIGARH GOES TO PUNJAB

## ਮੱਤੇਵਾੜਾ ਟੈਕਸਟਾਈਲ ਪਾਰਕ ਪ੍ਰਾਜੈਕਟ ਰੱਦ

ਚੰਡੀਗੜ੍ਹ (ਗੁਰਜੀਤ ਬਿੱਲਾ)-ਪੰਜਾਬ ਦੇ ਮੁੱਖ ਮੰਤਰੀ ਨੇ ਐਲਾਨ ਕੀਤਾ ਕਿ ਸੂਬੇ ਦੇ ਜੰਗਲਾਂ ਤੇ ਬਹੁਮੁੱਲੇ ਜਲ ਸਰੋਤਾਂ ਨੂੰ ਬਚਾਉਣ ਲਈ ਮੱਤੇਵਾੜਾ ਦੇ ਜੰਗਲਾਂ ਨੇੜੇ ਤਜਵੀਜ਼ਤ ਥਾਂ ਉਤੇ ਕੋਈ ਸਨਅਤੀ ਇਕਾਈ ਨਹੀਂ ਲੱਗੇਗੀ।


ਮੱਤੇਵਾੜਾ ਜੰਗਲ ਬਾਰੇ ਜਨਤਕ ਐਕਸ਼ਨ ਕਮੇਟੀ ਨਾਲ ਮੀਟਿੰਗ ਤੋਂ ਬਾਅਦ ਮੁੱਖ ਮੰਤਰੀ ਨੇ ਐਲਾਨ ਕੀਤਾ, "ਮੈਂ ਸਪੱਸ਼ਟ ਤੌਰ ਉਤੇ ਦੱਸਣਾ ਚਾਹੁੰਦਾ ਹਾਂ ਕਿ ਨਾ ਸਿਰਫ਼ ਮੱਤੇਵਾੜਾ, ਸਗੋਂ ਸੂਬਾ ਸਰਕਾਰ ਪੰਜਾਬ ਦੇ ਕਿਸੇ ਵੀ ਦਰਿਆ ਦੇ ਕੰਢੇ ਉਤੇ ਕੋਈ ਸਨਅਤ ਲਾਉਣ ਦੀ ਇਜਾਜ਼ਤ ਨਹੀਂ ਦੇਵੇਗੀ ਤਾਂ ਕਿ ਪਾਣੀ ਦੇ ਪ੍ਰਦੂਸ਼ਣ ਨੂੰ ਰੋਕਿਆ ਜਾ ਸਕੇ।

ਮੁੱਖ ਮੰਤਰੀ ਨੇ ਅਫ਼ਸੋਸ ਪ੍ਰਗਟ ਕੀਤਾ ਕਿ ਸਾਬਕਾ ਮੁੱਖ ਮੰਤਰੀ ਨੇ ਕੇਂਦਰ ਸਰਕਾਰ ਵੱਲੋਂ ਬਣਾਏ ਇਸ ਪ੍ਰਾਜੈਕਟ ਦੇ ਸਾਰੇ ਪੱਖਾਂ ਨੂੰ ਘੋਖੇ ਬਗੈਰ ਇਕ ਹਜ਼ਾਰ ਏਕੜ ਜਗ੍ਹਾ ਵਿੱਚ ਟੈਕਸਟਾਈਲ ਪਾਰਕ ਸਥਾਪਤ ਕਰਨ ਦੀ ਮਨਜ਼ੂਰੀ ਦੇ ਦਿੱਤੀ ਸੀ।


BHARTI ART JEWELLERS
WORLD CLASS IMPORTS OF GOLD AND DIAMOND JEWELLERY
ਪਿਛਲੇ 40 ਸਾਲਾਂ ਤੋਂ ਵੈਨਕੂਵਰ ਵਿਚ ਸੇਵਾਵਾਂ ਪ੍ਰਦਾਨ ਕਰਦੇ ਆ ਰਹੇ 'ਭਾਰਤੀ ਆਰਟ ਜਿਊਲਰਜ' ਵਾਲਿਆਂ ਨੇ ਹੁਣ ਸਰੀ ਵਿਚ ਆਪਣੀ ਦੂਜੀ ਲੁਕੇਸ਼ਨ ਖੋਲ੍ਹ ਦਿੱਤੀ ਹੈ
USA ਕਸਟਮਰਜ਼ ਲਈ ਸਪੈਸ਼ਲ ਰੇਟ
42nd Anniversary Celebration

New Location: 346 8140 128th St (Payal Bus. Centre) Surrey BC Ph: 778-565-5000
Flagship Location: 6612 Main St. Vancouver BC Ph: 604-327-8711
BhartiJewellers.com



BADH Accounting Services
26 YEARS EXPERIENCE IN ACCOUNTING
* Tax Forms Fill up * Accounting
* Payroll * Business Income Tax
* Personal Income Tax * Bookkeeping
* T4 & Workers Compensation Forms
604-325-8370
Fax: 604-325-6654
# 1393 - 20800 - WESTMINSTER HWY, RICHMOND, BC

Jasbir Singh Badh



CANRISE IMMIGRATION
www.canriseimmigration.com
778-565-1717
CANRISE IMMIGRATION
SPOUSAL SPONSORSHIP ਸਪਾਊਜ਼ਲ ਸਪਾਂਸਰਸ਼ਿਪ
ਅਗਰ ਤੁਸੀਂ ਇੰਡੀਆ ਵਿਆਹ ਕਰਵਾਉਣ ਜਾ ਰਹੇ ਹੋ ਤਾਂ ਜਾਣ ਤੋਂ ਪਹਿਲਾਂ ਆਪਣਾ ਪੇਪਰ ਵਰਕ ਪੂਰਾ ਕਰਵਾਉਣ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ
BCPNP ਬੀ ਸੀ ਪੀ ਐਨ ਪੀ
• New BCPNP program is Open. Get FREE Assessment.
• To bring your relatives or friends in your business contact us.
• Students on Open Work Permit can apply in this program.
ਨਵਾਂ ਬੀ ਸੀ ਪੀ ਐਨ ਪੀ ਪ੍ਰੋਗਰਾਮ ਖੁੱਲ੍ਹ ਗਿਆ ਹੈ। ਫਰੀ ਅਸੈਸਮੈਂਟ ਲਉ। ਆਪਣੇ ਬਿਜਨਸ ਵਿਚ ਆਪਣੇ ਰਿਸ਼ਤੇਦਾਰ ਜਾਂ ਦੋਸਤਾਂ ਨੂੰ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ। ਓਪਨ ਵਰਕ ਪਰਮਿਟ ਤੇ ਵਿਦਿਆਰਥੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।
• LMIA / Work Permit
• PARENTS & GRANDPARENTS SPONSORSHIP
• SPOUSAL SPONSORSHIP (MARRIAGE CASES)
• BCPNP
• In Home Caregivers (Nanny)
• SUPER VISA FOR PARENTS
• Student Visa
• ਐਲ ਐਮ ਆਈ ਏ / ਵਰਕ ਪਰਮਿਟ
• ਮਾਤਾ-ਪਿਤਾ ਅਤੇ ਗਰੈਂਡ ਪੇਰੈਂਟਸ ਸਪਾਂਸਰਸ਼ਿਪ / ਸੁਪਰਵੀਜਾ
• ਸਪਾਊਜ਼ਲ ਸਪਾਂਸਰਸ਼ਿਪ (ਵਿਆਹ ਦੇ ਕੇਸ)
• ਬੀ. ਸੀ. ਪੀ. ਐਨ. ਪੀ.
• ਆਪਨੇ ਬਿਨਜਸ ਵਿੱਚ ਆਪਨੇ ਰਿਸ਼ਤੇਦਾਰ ਨੂੰ ਵਰਕ ਪਰਮਿਟ ਤੇ ਬੁਲਾ ਸਕਦੇ ਹੋ
• ਇਨ-ਹੋਮ ਕੇਅਰਗਿਵਰਜ (ਨੈਨੀ)
• ਸਟੂਡੈਂਟ ਵੀਜ਼ਾ
OUR SERVICES:
• Visitors Visa / Skilled Workers
• Temporary Workers
• Quebec Immigration
• Family Sponsorship
• Provincial Nominees
• Canadian Experience Class
• Business / Entrepreneurs / Investor Immigration
• Extension Of Temporary Visa
• Restoration Of Status
• Refugee Claims
• Citizenship Application
• Immigration & Investment Programs For Farmers / Businessmen
CANRISE
Ranjeet S. Sohi
Registered Canadian Immigration Consultant
ICCRC Membership # R422751
#223-8028 128 St. Surrey BC V3W4E9 (Little India Plaza)
ICCRC CRCIC



UNI GLOBAL IMMIGRATION
Consulting Services Ltd.
Your Dream......Our Passion
For all your Immigration Related Needs:
» Express Entry (PR)
» FSW, FST
» Canadian Experience Class
» LMIA & Work Permit
» PNP
» Spousal (Marriage) Sponsorship
» Business (Investor) Visa
» Study Visa
» Care-giver (Nanny)
» Visitor Visa
» Super Visa
» Citizenship Application
» Refusal Cases
» IEC
We also help employers in hiring temporary foreign workers (TFW). We help employers in each and every step of acquring Temporary Foreign Workers
Tel. : 604-338-4975
778-323-3141
#12387-75 Avenue Surrey, BC V3W 2S7
E-mail: contactuniglobal@gmail.com
RCIC CRIC

# ਸੂਰਜ ਨੂੰ ਬਿਪਤਾ

**ਸਰਵਜੀਤ ਸਿੰਘ ਸੈਕਰਾਮੈਂਟੋ**

"ਲਫ਼ਜ਼ 'ਸੰਗ੍ਰਾਂਦ' ਸੰਸਕ੍ਰਿਤ ਦੇ 'ਸਾਂਕ੍ਰਾਂਤ'।ਸੰਕ੍ਰਾਂਤਿ॥ ਦਾ ਵਿਗਾੜ ਹੈ, ਇਸ ਦਾ ਅਰਥ ਹੈ, ਸੂਰਜ ਦਾ ਇਕ ਰਾਸ ਤੋਂ ਦੂਜੀ ਵਿਚ ਲੰਘਣਾ।ਬਿਕ੍ਰਮਾਜੀਤੀ ਸਾਲ ਦੇ ਇਹਨਾਂ ਬਾਰਾਂ ਮਹੀਨਿਆਂ ਦਾ ਸੰਬੰਧ ਸੂਰਜ ਦੀ ਚਾਲ ਦੇ ਨਾਲ ਹੈ।ਹਰ ਦੇਸੀ ਮਹੀਨੇ ਦੀ ਪਹਿਲੀ ਤਾਰੀਖ਼ ਨੂੰ ਸੂਰਜ ਇਕ ਰਾਸ ਨੂੰ ਛੱਡ ਕੇ ਦੂਜੀ ਰਾਸ ਵਿਚ ਪੈਰ ਧਰਦਾ ਹੈ। ਬਾਰਾਂ ਮਹੀਨੇ ਹਨ ਤੇ ਬਾਰਾਂ ਹੀ ਰਾਸਾਂ ਹਨ। ਜੋ ਲੋਕ ਸੂਰਜ ਦੇਵਤੇ ਦੇ ਉਪਾਸ਼ਕ ਹਨ, ਉਹਨਾਂ ਲਈ ਹਰੇਕ 'ਸੰਗ੍ਰਾਂਦ' ਦਾ ਦਿਨ ਪਵਿੱਤ੍ਰ ਹੈ ਕਿਉਂਕਿ ਉਸ ਦਿਨ ਸੂਰਜ-ਦੇਵਤਾ ਇਕ 'ਰਾਸ' ਨੂੰ ਛੱਡ ਕੇ ਦੂਜੀ ਵਿਚ ਆਉਂਦਾ ਹੈ।ਇਸ ਦਿਨ ਖ਼ਾਸ ਉਚੇਚਾ ਪੂਜਾ-ਪਾਠ ਕੀਤਾ ਜਾਂਦਾ ਹੈ, ਤਾਂ ਜੋ ਸੂਰਜ-ਦੇਵਤਾ ਉਸ ਨਵੀਂ 'ਰਾਸ' ਵਿਚ ਰਹਿ ਕੇ ਉਪਾਸ਼ਕ ਲਈ ਸਾਰਾ ਮਹੀਨਾ ਚੰਗਾ ਲੰਘਾਏ"। (ਬੁਰਾਈ ਦਾ ਟਾਕਰਾ, ਪੰਨਾ 125) ਸੂਰਜੀ ਬਿਕ੍ਰਮੀ ਸਾਲ ਵਿੱਚ 12 ਮਹੀਨੇ ਹੁੰਦੇ ਹਨ। (ਚੇਤ, ਵੈਸਾਖ, ਜੇਠ, ਹਾੜ, ਸਾਵਣ, ਭਾਦੋਂ, ਅੱਸੂ, ਕੱਤਕ, ਮੱਘਰ ਪੋਹ, ਮਾਘ, ਫੱਗਣ) ਅਤੇ 12 ਹੀ ਰਾਸ਼ੀਆਂ ਮੰਨੀਆਂ ਗਈਆਂ ਹਨ। (ਮੀਨ, ਮੇਖ, ਬ੍ਰਿਖ, ਮਿਥੁਨ, ਕਰਕ, ਸਿੰਘ, ਕੰਨਿਆ, ਤੁਲਾਂ, ਬ੍ਰਿਸ਼ਚਕ, ਧਨ, ਮਕਰ, ਕੁੰਭ) ਸੂਰਜ ਇਕ ਰਾਸ਼ੀ ਵਿੱਚ ਇਕ ਮਹੀਨਾ ਰਹਿੰਦਾ ਹੈ। ਜਿਸ ਦਿਨ ਸੂਰਜ ਇਕ ਰਾਸ਼ੀ ਤੋਂ ਦੂਜੀ ਰਾਸ਼ੀ 'ਚ ਪ੍ਰਵੇਸ਼ ਕਰਦਾ ਹੈ ਉਸ ਦਿਨ ਸੰਗਰਾਂਦ ਹੁੰਦੀ ਹੈ। ਜਿਹੜੀ ਰਾਸ਼ੀ ਵਿਚ ਸੂਰਜ ਦਾਖਲ ਹੁੰਦਾ ਹੈ, ਉਸ ਰਾਸ਼ੀ ਵਾਲੇ ਸੰਗਰਾਂਦ ਦੇ ਦਿਨ ਸੂਰਜ ਦੇਵਤਾ ਦੀ ਪੂਜਾ ਕਰਦੇ ਹਨ। ਤਾਂ ਜੋ ਉਨ੍ਹਾਂ ਦਾ ਮਹੀਨਾ ਸੁਖ-ਸਬੀਲੀ ਲੰਘ ਜਾਵੇ।

ਗੁਰੂ ਕਾਲ ਵੇਲੇ ਹਿੰਦੋਸਤਾਨ ਵਿਚ ਬਿਕ੍ਰਮੀ ਕੈਲੰਡਰ (ਸੂਰਜੀ ਸਿਧਾਂਤ) ਪ੍ਰਚੱਲਤ ਸੀ। ਇਸ ਕੈਲੰਡਰ ਦੇ ਸਾਲ ਦੀ ਲੰਬਾਈ 365.2587 ਦਿਨ (365 ਦਿਨ 6 ਘੰਟੇ 12 ਮਿੰਟ 31 ਸੈਕਿੰਡ) ਮੰਨੀ ਗਈ ਸੀ। 18-19 ਨਵੰਬਰ 1964 ਈ: ਵਿਚ ਅੰਮ੍ਰਿਤਸਰ ਵਿਖੇ ਵਿਦਵਾਨਾਂ ਦੀ ਇਕ ਇਕੱਤਰਤਾ ਹੋਈ ਜਿਸ ਵਿਚ ਸਾਲ ਦੀ ਲੰਬਾਈ 'ਚ ਸੋਧ ਕਰਨ ਬਾਰੇ ਚਰਚਾ ਕੀਤੀ ਗਈ ਸੀ।

"ਅੰਮ੍ਰਿਤਸਰ-19 ਨਵੰਬਰ- ਅਖਿਲ ਭਾਰਤੀਯ ਵੈਦ ਸਰਵਸ਼ਾਖਾ ਸਮੇਲਨ (ਸਾਤਵਾਂ) ਕੇ ਜ਼ੇਰ ਏ ਇਹਤਮਾਮ ਜੋਤਿਸ਼ ਕੇ ਇਸ ਮੌਜ਼ੂ ਪਰ ਯੇਹ ਫੈਸਲਾ ਕਰਨੇ ਕੇ ਲੀਏ ਦਿਲਚਸਪ ਸ਼ਾਸਤਰਾਰਥ ਹੂਆ ਕਿ ਦਰਿਕ ਪਕਸ਼ ਕੋ ਦਰੁਸਤ ਮਾਨਨਾ ਚਾਹੀਏ ਯਾ ਸਵਰ ਪਕਸ਼ ਕੋ ਦਰੁਸਤ ਮਾਨਨਾ ਚਾਹੀਏ। ਦਰਿਕ ਪਕਸ਼ ਕਾ ਸਮਰਥਨ ਮੌਜ਼ਾ ਕੁਰਾਲੀ ਜ਼ਿਲਾ ਅੰਬਾਲਾ ਕੇ ਦੋ ਨੌਜਵਾਨ ਵਿਦਵਾਨ ਸ਼੍ਰੀ ਪਿਰਯਾਵਰਤ, ਐਮ ਏ, ਪਰੋਫੈਸਰ ਸੰਸਕ੍ਰਿਤ ਕਾਲਜ, ਸੋਲਨ ਔਰ ਸ਼੍ਰੀ ਸ਼ਕਤੀ ਧਰ, ਐਮ ਐਸ ਸੀ ਕਰ ਰਹੇ ਥੇ। ਔਰ ਸਵਰ ਪਕਸ਼ ਕਾ ਸਮਰਥਨ ਜਗਤ ਗੁਰੂ ਸ਼ੰਕਰਾਚਾਰੀਯ ਗੋਵਰਧਨ ਮੱਠ ਪੂਰੀ ਵਾ ਸ਼੍ਰੀ ਰਾਮ




ਵਿਆਸ ਪਾਂਡੇ ਕਰ ਰਹੇ ਥੇ। ਸ਼ਾਸਤਰਾਰਥ ਕੇ ਦੌਰਾਨ ਏਕ ਸਮਯ ਪਰ ਦਰਿਕ ਪਕਸ਼ ਕੇ ਹਕ ਮੇਂ ਦਲਾਯਲ ਸੁਨ ਕਰ ਜਗਤ ਗੁਰੂ ਭੀ ਚਕਤ ਰਹਿ ਗਏ। ਚੁਨਾਂਚੇ ਦਰਿਕ ਪਕਸ਼ ਵਾਲੋਂ ਕਾ ਪਲੜਾ ਭਾਰੀ ਰਹਾ"।

ਇਸ ਸੰਮੇਲਨ ਵਿੱਚ ਹੋਈ ਵਿਚਾਰ ਚਰਚਾ ਉਪ੍ਰੰਤ ਸਾਲ ਦੀ ਲੰਬਾਈ 365.2563 ਦਿਨ (365 ਦਿਨ 6 ਘੰਟੇ 9 ਮਿੰਟ 4 ਸੈਕਿੰਡ) ਮੰਨ ਲਈ ਗਈ ਅਤੇ ਇਸ ਨੂੰ ਹੁਣ 'ਦ੍ਰਿਕਗਿਣਤ ਸਿਧਾਂਤ' ਕਿਹਾ ਜਾਂਦਾ ਹੈ। ਅੱਜ, ਭਾਰਤ ਵਿੱਚ ਇਹ ਦੋਵੇਂ ਸਿਧਾਂਤ ਪ੍ਰਚੱਲਤ ਹਨ। ਸੂਰਜੀ ਸਿਧਾਂਤ (365.2587 ਦਿਨ) ਅਤੇ ਦ੍ਰਿਕਗਿਣਤ ਸਿਧਾਂਤ (365.2563 ਦਿਨ) ਦੇ ਸਾਲ ਦੀ ਲੰਬਾਈ ਵਿੱਚ ਲੱਗ-ਭੱਗ 3.5 ਮਿੰਟ ਦਾ ਅੰਤਰ ਹੋਣ ਕਾਰਨ ਦੋਵਾਂ ਕੈਲੰਡਰਾਂ ਦੀਆਂ 3-4 ਸੰਗ੍ਰਾਂਦਾਂ ਹਰ ਸਾਲ ਇਕ ਦਿਨ ਦੇ ਫ਼ਰਕ ਨਾਲ ਆਉਂਦੀਆਂ ਹਨ। ਇਕ ਸਮਾਂ ਅਜੇਹਾ ਵੀ ਆਵੇਗਾ ਕਿ ਬਾਰਾਂ ਦੀਆਂ ਬਾਰਾਂ ਸੰਗਰਾਂਦਾਂ ਦੀਆਂ ਤਾਰੀਖਾਂ ਵੱਖ ਹੋ ਜਾਣਗੀਆਂ। ਪਰ ਜੇ ਸੂਰਜ ਦੇ ਰਾਸ਼ੀ ਬਦਲੀ ਕਰਨ ਦੇ ਸਮੇਂ ਨੂੰ ਵੇਖੀਏ ਤਾਂ ਬਾਰਾਂ ਦੀਆਂ ਬਾਰਾਂ ਸੰਗਰਾਂਦਾਂ, ਅੱਜ ਵੀ ਵੱਖ-ਵੱਖ ਸਮੇਂ ਤੇ ਆਰੰਭ ਹੁੰਦੀਆਂ ਹਨ। ਇਥੇ ਹੀ ਬੱਸ ਨਹੀਂ, ਜੇ ਦ੍ਰਿਕਗਿਣਤ ਸਿਧਾਂਤ ਮੁਤਾਬਕ ਬਣੀਆਂ ਵੱਖ-ਵੱਖ ਜੰਤਰੀਆਂ ਨੂੰ ਵੇਖੀਏ ਤਾਂ ਵੀ ਸੂਰਜ ਦੇ ਰਾਸ਼ੀ ਬਦਲੀ ਕਰਨ ਦੇ ਸਮੇਂ ਵਿੱਚ ਅੰਤਰ ਵਿਖਾਈ ਦਿੰਦਾ ਹੈ।

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ ਨਾਨਕਸ਼ਾਹੀ ਕੈਲੰਡਰ ਦੇ ਨਾਮ ਹੇਠ ਛਾਪੇ ਜਾਂਦੇ ਬਿਕ੍ਰਮੀ ਕੈਲੰਡਰ (ਦ੍ਰਿਕਗਿਣਤ ਸਿਧਾਂਤ) ਮੁਤਾਬਕ ਇਸ ਸਾਲ ਸਾਵਣ ਦੀ ਸੰਗਰਾਂਦ 16 ਜੁਲਾਈ ਦਿਨ ਸ਼ਨਿਚਰਵਾਰ ਨੂੰ ਹੈ। ਭਾਵ 16 ਜੁਲਾਈ ਨੂੰ ਸੂਰਜ 'ਕਰਕ' ਰਾਸ਼ੀ ਵਿੱਚ ਪ੍ਰਵੇਸ਼ ਕਰੇਗਾ। 'ਬਿਕ੍ਰਮੀ ਤਿੱਥ ਪੱਤ੍ਰਕਾ' ਦੇ ਮੁਤਾਬਕ ਸੂਰਜ, ਕਰਕ ਰਾਸ਼ੀ ਵਿੱਚ 23:11 ਤੇ ਪ੍ਰਵੇਸ਼ ਕਰੇਗਾ। (ਪੰਨਾ 92), 'ਅਸਲੀ ਤਿੱਥ ਪਤ੍ਰਿਕਾ' ਦੇ ਮੁਤਾਬਕ ਸੂਰਜ, ਕਰਕ ਰਾਸ਼ੀ ਵਿੱਚ 22:56 ਤੇ ਪ੍ਰਵੇਸ਼ ਕਰੇਗਾ। (ਪੰਨਾ 40) ਪਾਠਕ ਧਿਆਨ ਦੇਣ, ਪੰਜਾਬ ਵਿੱਚ ਛਪੀਆਂ ਦੋ ਜੰਤਰੀਆਂ ਵਿੱਚ ਹੀ ਸੂਰਜ ਦੇ ਕਰਕ ਰਾਸ਼ੀ ਵਿੱਚ ਪ੍ਰਵੇਸ਼ ਕਰਨ ਦੇ ਸਮੇਂ ਵਿੱਚ 15 ਮਿੰਟ ਦਾ ਫ਼ਰਕ ਹੈ। 'ਅਸਲੀ ਤਿੱਥ ਪਤ੍ਰਿਕਾ' ਮੁਤਾਬਕ 22:56ਤੇ ਕਰਕ ਰਾਸ਼ੀ ਵਿੱਚ ਪ੍ਰਵੇਸ਼ ਕਰੇਗਾ। 'ਬਿਕ੍ਰਮੀ ਤਿੱਥ ਪੱਤ੍ਰਕਾ' ਦੇ ਮੁਤਾਬਕ ਸੂਰਜ 23:11 ਤੇ ਰਾਸ਼ੀ ਬਦਲੀ ਕਰੇਗਾ। ਇਕ ਹੋਰ ਵਸੀਲੇ ਮੁਤਾਬਕ ਇਹ ਸਮਾਂ 23:01:43 ਵੀ ਹੈ। ਇਹ ਤਾ ਸੀ 'ਦ੍ਰਿਕ ਗਿਣਤ ਸਿਧਾਂਤ' ਮੁਤਾਬਕ ਵੱਖ-ਵੱਖ ਜੰਤਰੀਆਂ ਦਾ ਸਮਾਂ। ਜੇ ਸ਼੍ਰੋਮਣੀ ਕਮੇਟੀ ਗੁਰੂ ਕਾਲ ਵਾਲੇ ਕੈਲੰਡਰ (ਸੂਰਜੀ ਸਿਧਾਂਤ) ਨੂੰ ਨਾ ਛੱਡਦੀ ਤਾਂ, ਜਾਂ ਦੇਸ਼ ਦੇ ਉਨ੍ਹਾਂ ਹਿਸਿਆਂ ਵਿੱਚ ਜਿਥੇ ਅੱਜ ਵੀ ਸੂਰਜੀ ਸਿਧਾਂਤ ਮੁਤਾਬਕ ਬਿਕ੍ਰਮੀ ਕੈਲੰਡਰ ਪ੍ਰਚੱਲਤ ਹੈ, ਉਥੇ ਸਾਵਣ ਦੀ ਸੰਗਰਾਂਦ ਭਾਵ ਸੂਰਜ ਦਾ ਕਰਕ ਰਾਸ਼ੀ ਵਿੱਚ ਪ੍ਰਵੇਸ਼ 17 ਜੁਲਾਈ ਦਿਨ ਐਤਵਾਰ ਨੂੰ 10:58 ਤੇ ਹੋਵੇਗਾ। ਇਸ ਵਿਧੀ ਨੂੰ 'ਨਰਾਇਣ' ਕਹਿੰਦੇ ਹਨ। ਸੰਗਰਾਂਦ ਦਾ ਇਕ ਹੋਰ ਵਿਧੀ-ਵਿਧਾਨ ਵੀ ਹੈ। ਉਸ ਨੂੰ 'ਸਾਇਣ' ਜਾਂ 'ਸਾਯਨ' ਕਹਿੰਦੇ ਹਨ। ਉਸ ਮੁਤਾਬਕ ਸਾਵਣ ਦੀ ਸੰਗਰਾਂਦ 23 ਜੁਲਾਈ ਨੂੰ ਹੋਵੇਗੀ ਅਤੇ ਇਸ ਦਿਨ ਸੂਰਜ 'ਸਿੰਘ' ਰਾਸ਼ੀ ਵਿੱਚ ਪ੍ਰਵੇਸ਼ ਕਰੇਗਾ। ਮੇਰੇ ਪਾਸ 2016 ਈ: (ਸੰਮਤ 2072-73 ਬਿਕ੍ਰਮੀ) ਦੀ 'ਮੁਫੀਦ ਆਲਮ ਜੰਤਰੀ' ਹੈ। ਉਸ ਮੁਤਾਬਕ ਸੰਮਤ 2073 ਬਿਕ੍ਰਮੀ (2016 ਈ:) ਵਿੱਚ ਕੱਤਕ ਦੀ ਸੰਗਰਾਂਦ ਦੋ ਦਿਨ ਸੀ, ਭਾਵ ਸੂਰਜ ਦਾ ਤੁਲਾ ਰਾਸ਼ੀ 'ਚ ਪ੍ਰਵੇਸ਼ ਦੇਸ਼ ਦੇ ਪੱਛਮੀ ਹਿਸੇ ਵਿੱਚ 16 ਅਕਤੂਬਰ ਅਤੇ ਪੂਰਬੀ ਹਿਸੇ ਵਿੱਚ 17 ਅਕਤੂਬਰ ਨੂੰ ਸੀ। (ਪੰਨਾ 93) ਜੇ ਅਜੇ ਵੀ ਕੋਈ ਸੰਗਰਾਂਦ ਨੂੰ ਕੁਦਰਤੀ ਵਿਧਾਨ ਮੰਨਦਾ ਹੈ ਤਾਂ ਉਸ ਦੀ ਮੌਜ।






ਮੈਨੂੰ ਤਾਂ ਸੂਰਜ ਤੇ ਤਰਸ ਆਉਂਦਾ ਹੈ। ਕਦੇ ਕੋਈ ਭੁੱਖ ਲੱਗਣ ਤੇ ਸੂਰਜ ਨੂੰ ਖਾਣ ਲੱਗਦਾ ਹੈ ਤਾਂ, ਸੂਰਜ ਭੱਜ ਕੇ ਆਪਣੀ ਜਾਨ ਬਚਾਉਂਦਾ ਹੈ। ਕਦੇ ਕੋਈ ਆਪਣੀ ਧੀ ਦੀ ਖੁਸ਼ੀ ਖਾਤਰ ਸੂਰਜ ਦੀ ਗਰਮੀ ਘੱਟ ਕਰਨ ਲਈ, ਸੂਰਜ ਨੂੰ ਖ਼ਰਾਦ ਤੇ ਚਾੜ ਕੇ ਅੱਠਵਾਂ ਹਿੱਸਾ (12.5%) ਖ਼ਰਾਦ ਦਿੰਦਾ ਹੈ। ਹੁਣ ਆਹ ਜੰਤਰੀਆਂ ਵਾਲੇ ਸੂਰਜ ਨੂੰ ਟਿਕਣ ਨਹੀਂ ਦਿੰਦੇ। ਇਕ ਕਹਿੰਦਾ ਸਾਵਣ ਦੀ ਸੰਗਰਾਂਦ ਨੂੰ ਸੂਰਜ, ਕਰਕ ਰਾਸ਼ੀ ਵਿੱਚ ਪ੍ਰਵੇਸ਼ ਕਰੇਗਾ ਦੂਜਾ ਕਹਿੰਦਾ, ਨਹੀਂ-ਨਹੀਂ ਤੁਲਾ ਰਾਸ਼ੀ ਵਿੱਚ ਪ੍ਰਵੇਸ਼ ਕਰੇਗਾ। ਇਕ ਕਹਿੰਦਾ ਸੂਰਜ ਨਵੀਂ ਰਾਸ਼ੀ ਵਿਚ 16 ਜੁਲਾਈ ਦਿਨ ਸ਼ਨਿਚਰਵਾਰ ਨੂੰ ਪ੍ਰਵੇਸ਼ ਕਰੇਗਾ। ਦੂਜਾ ਕਹਿੰਦਾ 17 ਜੁਲਾਈ ਦਿਨ ਐਤਵਾਰ ਨੂੰ ਰਾਸ਼ੀ ਬਦਲੀ ਕਰਨੀ ਹੈ। ਵਿਚਾਰਾ ਸੂਰਜ!

# ਪਾਣੀ ਹੈ ਸਾਡੀ ਜ਼ਿੰਦਗੀ ਦਾ ਹਾਣੀ:ਭਾਰਤ ਦਾ 70% ਪਾਣੀ ਪ੍ਰਦੂਸ਼ਤ



ਦਿੱਲੀ:-ਪਾਣੀ ਦੁਨੀਆਂ 'ਚ ਅਨਮੋਲ ਦਾਤ ਦਾ ਕੁਦਰਤੀ ਖਜ਼ਾਨਾ ਹੈ।ਜੀਵਨ ਦੀ ਹੋਂਦ ਪਾਣੀ ਤੋਂ ਬਿਨਾਂ ਬਿਲਕੁਲ ਅਸੰਭਵ ਹੈ।ਭਾਰਤ ਵਿਚ 70 ਫ਼ੀ ਸਦੀ ਪਾਣੀ ਪ੍ਰਦੂਸ਼ਤ ਹੋ ਚੁੱਕਾ ਹੈ ਤੇ ਚੇਨਈ, ਦਿੱਲੀ, ਬੰਗਲੌਰ, ਹੈਦਰਾਬਾਦ, ਮਹਾਂਰਾਸ਼ਟਰਾ ਦੇ ਤਕਰੀਬਨ 21 ਤੋਂ 30 ਸ਼ਹਿਰਾਂ 'ਚ ਜ਼ਮੀਨੀ ਪਾਣੀ ਲਗਭਗ ਖ਼ਤਮ ਹੀ ਹੋ ਚੁੱਕਾ ਹੈ । ਭਾਰਤ 'ਚ ਕੁੱਲ ਆਬਾਦੀ ਦਾ ਅੱਧਾ ਹਿੱਸਾ ਪਾਣੀ ਦੇ ਸੰਕਟ ਦਾ ਸ਼ਿਕਾਰ ਹੋ ਚੁੱਕਾ ਹੈ। ਹੁਣ ਗੱਲ ਆਪਾਂ ਪੰਜਾਬ ਦੀ ਕਰੀਏ ਤਾਂ ਜੂਨ 1984 ਤੋਂ 2016 ਤਕ ਦੇ ਅੰਕੜਿਆਂ ਅਨੁਸਾਰ ਪੰਜਾਬ ਦੀ ਜ਼ਮੀਨ 'ਚ ਲਗਭਗ 85% ਏਰੀਏ 'ਚ 10 ਮੀਟਰ ਤਕ ਪਾਣੀ ਦਾ ਪੱਧਰ ਘਟਿਆ ਹੈ।ਖੇਤੀਬਾੜੀ ਲਈ ਪੰਜਾਬ 'ਚ ਸਿਰਫ਼ 29% ਰਕਬੇ ਦੀ ਨਹਿਰੀ ਪਾਣੀ ਨਾਲ ਸਿੰਜਾਈ ਕੀਤੀ ਜਾਂਦੀ ਹੈ ਜਦਕਿ 71% ਰਕਬੇ ਦੀ ਜ਼ਮੀਨੀ ਪਾਣੀ ਦੀ ਵਰਤੋਂ ਕੀਤੀ ਜਾਂਦੀ ਹੈ।ਪੰਜ ਦਰਿਆਵਾਂ ਦੀ ਧਰਤੀ ਇਕ ਦਿਨ ਸੌ ਫ਼ੀਸਦੀ ਬੰਜਰ ਦਾ ਰੂਪ ਧਾਰ ਲਵੇਗੀ।ਫ਼ਸਲੀ ਗੇੜ 'ਚੋਂ ਜਲਦ ਤੋਂ ਜਲਦ ਕਿਸਾਨ ਨੂੰ ਕੱਢਣ ਲਈ ਸਾਰਥਕ ਕਦਮ ਚੁਕਣੇ ਮੌਜੂਦਾ ਸਮੇਂ ਦੀ ਜ਼ਰੂਰਤ ਹੈ।ਘਰੇਲੂ ਪਾਣੀ ਦੀ ਵਰਤੋਂ ਬਹੁਤ ਹੀ ਸੰਜਮ ਨਾਲ ਕਰਨ ਦੀ ਜ਼ਰੂਰਤ ਹੈ।ਜੇ ਬੂੰਦ ਬੂੰਦ ਨਾਲ ਸਾਗਰ ਭਰ ਜਾਂਦਾ ਹੈ ਤਾਂ ਬੂੰਦ ਬੂੰਦ ਨਾਲ ਸਾਗਰ ਖ਼ਾਲੀ ਵੀ ਹੋ ਜਾਂਦਾ ਹੈ।ਸਾਰੀ ਧਰਤੀ ਤੇ 71 ਫ਼ੀ ਸਦੀ ਪਾਣੀ ਹੈ ਫਿਰ ਵੀ ਦੁਨੀਆਂ ਪਾਣੀ ਦੇ ਸੰਕਟ ਨਾਲ ਜੂਝ ਰਹੀ ਹੈ ਕਿਉਂਕਿ ਇਸ 'ਚੋਂ ਕੇਵਲ 3 ਫ਼ੀ ਸਦੀ ਪਾਣੀ ਹੀ ਪੀਣ ਯੋਗ ਹੈ।


*ਬੇਰੀ ਪਿੱਕਰਾਂ ਦੀ ਲੋੜ*

ਬੇਰੀ ਤੋੜਨ ਦਾ ਕੰਮ 1 ਜੂਨ ਤੋਂ ਸ਼ੁਰੂ ਹੋਵੇਗਾ।ਬੇਰੀ ਤੋੜਨ ਵਾਲੇ ਵਰਕਰਾਂ ਨੂੰ ਸਾਰਾ ਸਾਲ ਕੰਮ ਦਿੱਤਾ ਜਾਵੇਗਾ।ਬੇਰੀ ਵਧੀਆ ਅਤੇ ਮੋਟੀ ਹੈ।ਵਧੀਆ ਤਨਖਾਹ ਅਤੇ ਘਰ ਵਰਗਾ ਮਾਹੌਲ। ਸਰੀਂ, ਡੈਲਟਾ, ਕਲੋਵਰਡੇਲ, ਐਬਟਸਫੋਰਡ ਤੋਂ ਘਰੋਂ ਚੁੱਕਣ ਅਤੇ ਛੱਡਣ ਦਾ ਪ੍ਰਬੰਧ।ਅਮਰੀਕਾ, ਕੈਲਗਰੀ, ਟਰਾਂਟੋ, ਵਿਨੀਪੈਗ ਤੋਂ ਆਉਣ ਵਾਲੇ ਵਰਕਰਾਂ ਲਈ ਰਿਹਾਇਸ਼ ਦਾ ਪ੍ਰਬੰਧ ਹੋਵੇਗਾ।

ਕਲਾਸ 4 ਅਤੇ 5 ਵੈਨ ਡਰਾਈਵਰਾਂ ਦੀ ਵੀ ਲੋੜ ਹੈ

ਹੈਪੀ ਧਾਲੀਵਾਲ

604-614-1680

ਫਾਰਮ ਓਨਰ/ਗ੍ਰੀਨ ਹਾਊਸ/ਨਰਸਰੀ ਮਾਲਕ ਲੇਬਰ ਸਪਲਾਈ ਲਈ ਸੰਪਰਕ ਕਰ ਸਕਦੇ ਹੋ

0523



ਇੰਮੀਗਰੇਸ਼ਨ ਸਬੰਧੀ ਤਸੱਲੀਬਖਸ਼ ਸੇਵਾਵਾਂ ਲਈ

CANADIAN VISA & SUPER VISA*

SPOUSAL SPONSORSHIP*

STUDY- WORK PERMIT & LMIA*

CIC REFUSAL APPEAL CASES*

PR & CITIZENSHIP APPLICATION*

INDIAN VISA-NAME CHANGE APPLICATION

PCC-OCI-RTI APPLICATIONS

IELTS & ENGLISH SPEAKING

*Services provided by Registered Canadian Immigration Consultant

* Settlement Services For New Immigrants
* Social Insurance Number-Medical Service Plan
*Child Care Benefit Application



Call : 778-869-1097

*By Appointment Only*

#202-12677-80AVE SURREY



H.M.S. Accounting & Tax Services Ltd.

hmsaccounting@gmail.com



Over 35 Yrs Experience
Expert in Quickbook Training

WCB, PST, GST, Personal & Corporate Taxes & Registration of sole proprietorship and new corporate companies

ਹੇਠ ਲਿਖੇ ਕਿਸੇ ਵੀ ਤਰਾਂ ਦੇ ਫਾਰਮ ਭਰਨੇ:

Contact us for Resume Making, EI Internet filing, Passport Applications, PR cards and all other type of applications.

ਅਸੀਂ ਪਰਨਸਲ ਅਤੇ ਬਿਜਨੈਸ ਟੈਕਸ ਰਿਟਰਨ ਈ-ਫਾਈਲ ਕਰਦੇ ਹਾਂ

Personal Tax e-filing for just $25

Call Manvir Singh

604-360-7241

#106-12414-82 Ave Surrey



THANDI AUTO CARE CENTRE LTD

WE DO REPAIR OF ALL MAKES & MODELS

- General Repairs
- Transmission- Brakes
- Tune Ups - Mufflers
- Electrical Problems
-We also do Diesel Repairs



ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ




Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com

#106-12465 82 Ave , Surrey BC

# ਸ੍ਰੀ ਲੰਕਾ ਦੇ ਵਿਸਫੋਟਕ ਹਾਲਾਤ

ਕੋਲੰਬੋ:-ਸ੍ਰੀਲੰਕਾ ਵਿਚ ਲੋਕਾਂ ਦਾ ਰੋਹ ਹੱਦਾਂ ਬੰਨੇ ਤੋੜ ਕੇ ਸਾਹਮਣੇ ਆਇਆ ਹੈ। ਸ਼ਨਿਚਰਵਾਰ ਰਾਜਧਾਨੀ ਕੋਲੰਬੋ ਵਿਚ ਮੁਜ਼ਾਹਰਾ ਕਰ ਰਹੇ ਲੋਕ ਪੁਲੀਸ ਦੇ ਲਗਾਏ ਬੈਰੀਕੇਡ ਤੋੜ ਕੇ ਰਾਸ਼ਟਰਪਤੀ ਨਿਵਾਸ ਵਿਚ ਦਾਖ਼ਲ ਹੋ ਗਏ।ਫ਼ੌਜ ਅਤੇ ਪੁਲੀਸ ਦੇ ਤਾਇਨਾਤ ਕੀਤੇ ਦਸਤੇ ਬੇਵੱਸ ਹੋ ਕੇ ਰਹਿ ਗਏ। ਰਾਸ਼ਟਰਪਤੀ ਗੋਟਾਬਾਯਾ ਰਾਜਪਕਸਾ ਨੇ ਰਾਸ਼ਟਰਪਤੀ ਭਵਨ ਛੱਡ ਕੇ ਸ੍ਰੀਲੰਕਾ ਦੀ ਜਲ ਸੈਨਾ ਦੇ ਜਹਾਜ਼ ਵਿਚ ਸ਼ਰਨ ਲਈ ਹੈ। ਪ੍ਰਧਾਨ ਮੰਤਰੀ ਰਨਿਲ ਵਿਕਰਮਸਿੰਘੇ ਨੂੰ ਵੀ ਸੁਰੱਖਿਅਤ ਥਾਂ 'ਤੇ ਰੱਖਿਆ ਗਿਆ ਹੈ। ਹਜ਼ਾਰਾਂ ਲੋਕਾਂ ਨੇ ਇਸ ਮੁਜ਼ਾਹਰੇ ਵਿਚ ਹਿੱਸਾ ਲਿਆ ਅਤੇ ਪੁਲੀਸ ਤੇ ਫ਼ੌਜ ਦੇ ਕਰਮਚਾਰੀਆਂ ਸਮੇਤ 35 ਤੋਂ ਵੱਧ ਲੋਕ ਝੜਪਾਂ ਵਿਚ ਜ਼ਖ਼ਮੀ ਹੋਏ। ਪ੍ਰਦਰਸ਼ਨਕਾਰੀਆਂ ਨੇ ਪ੍ਰਧਾਨ ਮੰਤਰੀ ਦੇ ਨਿੱਜੀ ਘਰ ਨੂੰ ਅੱਗ ਲਗਾ ਦਿੱਤੀ।ਸ੍ਰੀਲੰਕਾ ਕਈ ਮਹੀਨਿਆਂ ਤੋਂ ਆਰਥਿਕ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਦੇਸ਼ ਵਿਚ ਭੋਜਨ, ਡੀਜ਼ਲ, ਪੈਟਰੋਲ, ਦਵਾਈਆਂ ਆਦਿ ਦੀ ਵੱਡੀ ਥੁੜ ਹੈ। ਮਹਿੰਗਾਈ ਸਿਖ਼ਰ 'ਤੇ ਹੈ। ਵਿਦੇਸ਼ੀ ਕਰੰਸੀ ਦੇ ਭੰਡਾਰ ਖਾਲੀ ਹੋ ਚੁੱਕੇ ਹਨ ਅਤੇ ਦੇਸ਼ ਦੀਵਾਲੀਆ ਹੋਣ ਦੇ ਕੰਢੇ ਹੈ। ਸ੍ਰੀਲੰਕਾ 'ਤੇ ਇਕੱਲੇ ਚੀਨ ਦਾ 3.5 ਬਿਲੀਅਨ ਡਾਲਰ ਦਾ ਕਰਜ਼ਾ ਹੈ ਜਦੋਂਕਿ ਵਿਸ਼ਵ ਪੱਧਰ 'ਤੇ ਪੈਸਾ ਲਾਉਣ ਵਾਲੇ ਫੰਡਾਂ ਦਾ ਕਰਜ਼ਾ ਕਈ ਗੁਣਾ ਵੱਧ ਹੈ; ਅਜਿਹੇ ਫੰਡਾਂ ਦੇ ਪ੍ਰਬੰਧਕਾਂ ਨੇ ਹੋਰ ਕਰਜ਼ਾ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਸ੍ਰੀਲੰਕਾ ਦਾ ਅਰਥਚਾਰਾ ਚੀਨ ਨਾਲ ਡੂੰਘੀ ਤਰ੍ਹਾਂ ਜੁੜਿਆ ਹੋਇਆ ਹੈ। ਕਰਜ਼ਾ ਦੇਣ ਵਾਲੇ ਵੱਡੇ ਅਦਾਰਿਆਂ ਦਾ ਕਹਿਣਾ ਹੈ ਕਿ ਉਹ ਤਦ ਤਕ ਹੋਰ ਕਰਜ਼ਾ ਨਹੀਂ ਦੇਣਗੇ ਜਦੋਂ ਤਕ ਚੀਨ ਉਨ੍ਹਾਂ ਕਰਜ਼ਿਆਂ ਦੀ ਵਾਪਸੀ ਦੀ ਗਾਰੰਟੀ ਨਹੀਂ ਦਿੰਦਾ।


The Builder's Direct
Experienced & Honest
Bath & Kitchen Fixtures



Wholesale price to public
We carry all major brands



Fireplaces Also Available
Get all kind of Kitchen & Washroom Fixtures at wholesale prices.
Call For Free Estimates
Harjit Sahota: 778-808-2628
604-593-7755
12652-82 Ave, Surrey BC

T&S Transportation
Hiring Owner Operators & Drivers



ਟੀ ਐਂਡ ਐਸ ਟਰਾਂਸਪੋਰਟੇਸ਼ਨ ਨੂੰ ਬੀ ਸੀ ਤੋਂ ਉਨਟੇਰੀਓ,ਬੀ ਸੀ ਤੋਂ ਅਲਬਰਟਾ ਅਤੇ ਬੀ ਸੀ ਤੋਂ ਅਮਰੀਕਾ ਚੱਲਣ ਵਾਲੇ ਓਨਰ ਅਪਰੇਟਰ ਅਤੇ ਡਰਾਈਵਰ ਜਲਦ ਤੋਂ ਜਲਦ ਚਾਹੀਦੇ ਹਨ।
ਅਸੀਂ ਓਨਰ ਅਪਰੇਟਰਾਂ ਲਈ ਫਾਇਨੈਂਸਿੰਗ ਵੀ ਕਰਵਾ ਕੇ ਦੇ ਸਕਦੇ ਹਾਂ
ਸਾਡੇ ਕੋਲ LMIO ਹਨ।ਲੋੜਵੰਦ ਸੰਪਰਕ ਕਰ ਸਕਦੇ ਹਨ
ਹੋਰ ਜਾਣਕਾਰੀ ਲਈ ਫੋਨ ਕਰੋ
604-607-0333

Valley Agro Ltd.
604-591-8594
#207a-8556 120 Street, Surrey, BC



ਸਾਨੂੰ ਵੈਨਕੂਵਰ, ਰਿਚਮੰਡ, ਸਰੀ-ਡੈਲਟਾ, ਨਿਊਵੈਸਟ ਤੇ ਬਰਨਬੀ ਤੋਂ
ਬਲਿਊ ਬੇਰੀ ਪਿਕਰਾਂ ਦੀ ਲੋੜ
ਸਾਡੇ ਕੋਲ ਬਲਿਊਬੇਰੀ ਅਤੇ ਸਿਆਲੂ ਬੇਰੀ ਦਾ ਕੰਮ ਵੀ ਹੈ।
ਤੁਹਾਡੀ ਤੋੜੀ ਹੋਈ ਬਲਿਊਬੇਰੀ ਪੂਰੀ ਇਮਾਨਦਾਰੀ ਨਾਲ ਜੋਖੀ ਜਾਵੇਗੀ।
- ਘਰੋਂ ਲਿਜਾਣ ਅਤੇ ਛੱਡਣ ਦਾ ਪੂਰਾ ਪ੍ਰਬੰਧ ਹੈ।
- ਕੀਤੇ ਕੰਮ ਦੀਆਂ ਸਟੈਂਪਾਂ ਦਿੱਤੀਆਂ ਜਾਣਗੀਆਂ।
- ਤਨਖਾਹ ਹਰ ਦੋ ਹਫ਼ਤੇ ਬਾਅਦ ਦਿੱਤੀ ਜਾਵੇਗੀ।
ਬੇਰੀ ਤੋੜਨ ਦਾ ਕੰਮ ਜੁਲਾਈ ਦੇ ਪਹਿਲੇ ਹਫ਼ਤੇ ਤੋਂ ਸ਼ੁਰੂ ਹੋਵੇਗਾ।
ਟਰੱਕ ਡਰਾਈਵਰਾਂ ਦੀ ਲੋੜ
ਸਾਨੂੰ ਟਰੱਕ ਡਰਾਈਵਰ ਬੇਰੀ ਕੈਨਰੀ ਵਿੱਚ ਲੈ ਕੇ ਜਾਣ ਲਈ ਚਾਹੀਦੇ ਹਨ।
ਜਿਨ੍ਹਾਂ ਕੋਲ ਕਲਾਸ 1 ਜਾਂ ਕਲਾਸ 5 ਲਾਇਸੈਂਸ (With Air Brakes) ਹੋਵੇ।
ਮਿੰਨੀ ਬੱਸ ਜਾਂ ਵੈਨ ਡਰਾਈਵਰਾਂ ਦੀ ਵੀ ਲੋੜ
ਜਿਨ੍ਹਾਂ ਕੋਲ ਕਲਾਸ 4 ਲਾਇਸੈਂਸ (Unrestricted) ਹੋਵੇ।
ਮੌਜੂਦਾ ਹਾਲਾਤਾ ਨੂੰ ਦੇਖਦਿਆਂ ਸਿਹਤ ਸਬੰਧੀ ਸਰਕਾਰੀ ਹਦਾਇਤਾਂ ਦਾ ਪਾਲਣ ਕੀਤਾ ਜਾਵੇਗਾ।
ਮੌਕਾ ਹੱਥੋਂ ਨਾ ਗਵਾਓ ਅੱਜ ਹੀ ਫੋਨ ਕਰੋ।
ਸ੍ਰ. ਸੁਰਜੀਤ ਸਿੰਘ ਰੰਧਾਵਾ
604-325-7072 ਜਾਂ 604-591-8594
ਜਾਂ ਈ-ਮੇਲ ਕਰੋ : vagro@telus.net

# ਕਸ਼ਮੀਰ ਦਾ ਮਸਲਾ ਹੱਲ ਕੀਤੇ ਬਿਨਾ ਸ਼ਾਂਤੀ ਨਹੀਂ:ਪ੍ਰੋ. ਬੱਟ

ਸ੍ਰੀਨਗਰ- ਏਪੀਐਚਸੀ ਦੇ ਸੀਨੀਅਰ ਆਗੂ ਪ੍ਰੋਫੈਸਰ ਅਬਦੁਲ ਗਨੀ ਬੱਟ ਨੇ ਕਿਹਾ ਹੈ ਕਿ ਕਸ਼ਮੀਰ 1947 ਤੋਂ ਭਾਰਤ ਅਤੇ ਪਾਕਿਸਤਾਨ ਵਿਚਾਲੇ ਟਕਰਾਅ ਹੈ ਜੋ ਦੋਵਾਂ ਗੁਆਂਢੀ ਦੇਸ਼ਾਂ ਵਿਚਾਲੇ ਸ਼ਾਂਤੀ ਲਈ ਮੁੱਖ ਰੁਕਾਵਟ ਹੈ।ਉਨ੍ਹਾਂ ਕਿਹਾ ਕਿ ਜੰਗ ਕਿਸੇ ਵੀ ਸਮੱਸਿਆ ਦਾ ਹੱਲ ਨਹੀਂ ਹੈ।"ਯੁੱਧ ਸਿਰਫ ਤਬਾਹੀ ਲਿਆਉਂਦਾ ਹੈ ਅਤੇ ਇਸਨੂੰ ਕਦੇ ਵੀ ਤਰਜੀਹ ਨਹੀਂ ਦਿੱਤੀ ਜਾਣੀ ਚਾਹੀਦੀ। ਅਸੀਂ ਪੂਰੀ ਦੁਨੀਆ ਖਾਸ ਕਰਕੇ ਦੱਖਣੀ ਏਸ਼ੀਆ ਵਿੱਚ ਸ਼ਾਂਤੀ ਚਾਹੁੰਦੇ ਹਾਂ।ਉਨ੍ਹਾਂ ਚੇਤਾਵਨੀ ਦਿੱਤੀ, "ਬਦਕਿਸਮਤੀ ਨਾਲ ਤਿੰਨ ਪ੍ਰਮਾਣੂ ਸ਼ਕਤੀਆਂ ਨੇ ਕਸ਼ਮੀਰ ਵਿਵਾਦ 'ਤੇ ਸਿੰਗ ਫਸਾ ਲਏ ਹਨ।ਕਸਮੀਰ ਨੂੰ ਜੇਕਰ ਗੱਲਬਾਤ ਪ੍ਰਕਿਰਿਆ ਰਾਹੀਂ ਸਮੇਂ ਸਿਰ ਹੱਲ ਨਾ ਕੀਤਾ ਗਿਆ, ਤਾਂ ਕੋਈ ਵੀ ਸਥਿਤੀ ਨੂੰ ਬਦਸੂਰਤ ਮੋੜ ਲੈਣ ਤੋਂ ਰੋਕ ਨਹੀਂ ਸਕਦਾ।

"ਪ੍ਰੋਫੈਸਰ ਬੱਟ ਨੇ ਕੌਮਾਂਤਰੀ ਭਾਈਚਾਰੇ ਖਾਸ ਕਰਕੇ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਨੂੰ ਜੰਮੂ-ਕਸ਼ਮੀਰ ਦੇ ਵਿਵਾਦ ਨੂੰ ਸੁਲਝਾਉਣ ਲਈ ਪਾਕਿਸਤਾਨ ਅਤੇ ਭਾਰਤ ਦਰਮਿਆਨ ਗੱਲਬਾਤ ਦੀ ਪ੍ਰਕਿਰਿਆ ਵਿੱਚ ਦਖਲ ਦੇਣ ਅਤੇ ਸਹਿਯੋਗ ਦੇਣ ਦੀ ਅਪੀਲ ਕੀਤੀ।

SUPER SANDHU
ਕਲਾਸ 4 ਡਰਾਈਵਰਾਂ ਦੀ ਲੋੜ
ਸਾਨੂੰ ਐਬਟਸਫੋਰਡ ਅਤੇ ਸਰੀਂ ਤੋਂ ਬੇਰੀ ਪਿੱਕਰਾਂ, ਕੈਨਰੀ, ਨਰਸਰੀ ਗਰੇਡਿੰਗ ਲਾਇਨ ਅਤੇ ਗਰੀਨ ਹਾਊਸ ਦੇ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ।
ਸਾਡੇ ਨਾਲ ਅੱਜ ਹੀ ਸੰਪਰਕ ਕਰੋ
Gary Varing: 604-807-3910
Charlie Sandhu: 604-864-7711





TMG LOGISTICS INC.
Need Owner Operators
*Vancouver to California *California to Alberta Back Vancouver
*Vancouver to East USA Return
NOW HIRING
Good Paying Loads
Need Company Drivers
*Single Driver Pay 52cents/mile*
*Team Drivers 32 cents/mile*



FOR MORE INFORMATION CALL AT:
(604) 598-3680 Fax: 604-596-3681 Cell: 778-838-3680
#121-13140-80Ave Surrey, BC V3W 3B2

# ਮੂਸੇਵਾਲਾ ਹੱਤਿਆ ਕਾਂਡ
## ਕਨੇਡਾ ’ਚ ਗੁਪਤ ਟਿਕਾਣੇ ਤੋਂ ਭੱਜਿਆ ਗੋਲਡੀ ਬਰਾੜ



ਚੰਡੀਗੜ੍ਹ:ਪੰਜਾਬੀ ਗਾਇਕ ਸਿੱਧੂ ਮੂਸੇਵਾਲ ਦੀ ਹੱਤਿਆ ਦਾ ਮਾਸਟਰ ਮਾਈਂਡ ਗੋਲਡੀ ਬਰਾੜ ਸੁਰੱਖਿਆ ਏਜੰਸੀਆਂ ਤੋਂ ਡਰ ਗਿਆ ਹੈ। ਕੈਨੇਡਾ ਵਿਚ ਰਹਿ ਕੇ ਗੈਂਗ ਚਲਾਉਣ ਵਾਲਾ ਗੋਲਡੀ ਬਰਾੜ ਅਪਣੇ ਗੁਪਤ ਟਿਕਾਣੇ ਤੋਂ ਫਰਾਰ ਹੋ ਗਿਆ।ਦੱਸਿਆ ਜਾ ਰਿਹਾ ਕਿ ਉਹ ਕੈਨੇਡਾ ਜਾਂ ਉਸ ਦੇ ਆਸ ਪਾਸ ਦੇ ਦੇਸ਼ਾਂ ਵਿਚ ਪਨਾਹ ਲੈ ਕੇ ਅੰਡਰ ਗਰਾਊਂਡ ਹੋ ਗਿਆ ਹੈ। ਗੋਲਡੀ ਬਰਾੜ ਦੀ ਲੋਕੇਸ਼ਨ ਨਹੀਂ ਮਿਲ ਰਹੀ ਹੈ।ਗੋਲਡੀ ਬਰਾੜ ਨੇ ਅਪਣੇ ਸਾਰੇ ਮੋਬਾਈਲ ਵੀ ਬੰਦ ਕਰ ਦਿੱਤੇ ਹਨ। ਕੈਨੇਡਾ ਵਿਚ ਲੋਕ ਗੋਲਡੀ ਬਰਾੜ ਦੇ ਦੋ ਹਮਸ਼ਕਲਾਂ ਦੀ ਕੁੱਟਮਾਰ ਵੀ ਕਰ ਚੁੱਕੇ ਹਨ। ਸਿੱਧੂ ਮੂਸੇਵਾਲਾ ਦੀ ਹੱਤਿਆ ਤੋਂ ਬਾਅਦ ਗੈਂਗਸਟਰ ਲਾਰੈਂਸ਼ ਬਿਸ਼ਨੋਈ ਦਾ ਕੈਨੇਡਾ ਵਿਚ ਬੈਠ ਕੇ ਗੈਂਗ ਸੰਚਾਲਤ ਕਰਨ ਵਾਲੇ ਗੋਲਡੀ ਬਰਾੜ ਦੇ ਖ਼ਿਲਫ਼ ਰੈਡ ਕਾਰਨਰ ਨੋਟਿਸ ਜਾਰੀ ਹੋ ਚੁੱਕਾ ਹੈ।

# ਆਦਿਵਾਸੀਆਂ ‘ਤੇ ਅੱਤਿਆਚਾਰ

ਝਾਰਖੰਡ ਜਨਾਧਿਕਾਰ ਮਹਾਂ ਸਭਾ ਵੱਲੋਂ ਝਾਰਖੰਡ ਦੇ ਆਦਿਵਾਸੀ ਅਧਿਕਾਰ ਕਾਰਕੁਨ ਫਾਦਰ ਸਟੇਨ ਸਵਾਮੀ ਦੀ ਪੰਜ ਜੁਲਾਈ ਨੂੰ ਪਹਿਲੀ ਬਰਸੀ ‘ਤੇ ਜਾਰੀ ਕੀਤੀ ਗਈ ਰਿਪੋਰਟ ਦਰਸਾਉਂਦੀ ਹੈ ਕਿ ਮਾਓਵਾਦੀ ਗਰਦਾਨ ਕੇ ਆਦਿਵਾਸੀਆਂ ‘ਤੇ ਕਿੰਨੇ ਅੱਤਿਆਚਾਰ ਕੀਤੇ ਜਾ ਰਹੇ ਹਨ।

ਮਹਾਂ ਸਭਾ ਵੱਲੋਂ ਬੋਕਾਰੋ ਜ਼ਿਲ੍ਹੇ ਦੇ ਗੋਮੀਆ ਤੇ ਨਵਾਡੀਹ ਬਲਾਕ ਵਿਚ 31 ਆਦਿਵਾਸੀ-ਮੂਲਵਾਸੀਆਂ ਦੇ ਅਗਸਤ 2021 ਤੋਂ ਜਨਵਰੀ 2022 ਤੱਕ ਦੇ ਸਰਵੇ ਵਿਚ ਸਾਹਮਣੇ ਆਇਆ ਕਿ ਇਨ੍ਹਾਂ ‘ਤੇ ਗੈਰ-ਕਾਨੂੰਨੀ ਸਰਗਰਮੀਆਂ ਰੋਕੂ ਕਾਨੂੰਨ (ਯੂ ਏ ਪੀ ਏ) ਵਰਗੇ ਕਠੋਰ ਕਾਨੂੰਨ ਤੇ ਤਾਜ਼ੀਰਾਤੇ ਹਿੰਦ ਦੀਆਂ ਧਾਰਾਵਾਂ ‘ਤੇ ਝੂਠੇ ਕੇਸ ਦਰਜ ਕੀਤੇ ਗਏ।

ਸਰਵੇ ਦਾ ਮੁੱਖ ਉਦੇਸ਼ ਪੀੜਤਾਂ ਦੀ ਸਥਿਤੀ, ਉਨ੍ਹਾਂ ਨੂੰ ਗਲਤ ਦੋਸ਼ਾਂ ਵਿਚ ਫਸਾਉਣ ਦੀ ਪ੍ਰਕਿਰਿਆ ਅਤੇ ਪੀੜਤਾਂ ਤੇ ਉਨ੍ਹਾਂ ਦੇ ਪਰਵਾਰਾਂ ਉੱਤੇ ਇਸ ਦੇ ਪ੍ਰਭਾਵਾਂ ਨੂੰ ਸਮਝਣਾ ਸੀ।ਇਨ੍ਹਾਂ ਸਾਰਿਆਂ ਉੱਤੇ ਮਾਓਵਾਦੀ ਹੋਣ, ਮਾਓਵਾਦੀਆਂ ਨੂੰ ਸਹਿਯੋਗ ਦੇਣ ਜਾਂ ਮਾਓਵਾਦੀ ਘਟਨਾਵਾਂ ਵਿਚ ਸ਼ਾਮਲ ਹੋਣ ਦੇ ਦੋਸ਼ ਲਾਏ ਗਏ ਸਨ।ਸਾਰਿਆਂ ਨੇ ਦੱਸਿਆ ਕਿ ਉਨ੍ਹਾਂ ਦਾ ਮਾਓਵਾਦੀਆਂ ਨਾਲ ਨਾ ਕਦੇ ਸੰਬੰਧ ਰਿਹਾ ਤੇ ਨਾ ਹੀ ਉਨ੍ਹਾਂ ਵਾਰਦਾਤਾਂ ਕੀਤੀਆਂ।16 ਵਿਅਕਤੀਆਂ ਖਿਲਾਫ 2014 ਤੋਂ ਪਹਿਲਾਂ, 9 ਦੇ ਖਿਲਾਫ 2014-2019 ਵਿਚਾਲੇ ਅਤੇ ਬਾਕੀਆਂ ਖਿਲਾਫ 2019 ਦੇ ਬਾਅਦ ਮਾਮਲੇ ਦਰਜ ਕੀਤੇ ਗਏ।22 ਕਰੀਬ ਦੋ ਸਾਲ ਜੇਲ੍ਹ ਵਿਚ ਰਹੇ, ਜਦਕਿ ਕਈ ਹੋਰਨਾਂ ਨੇ 5 ਸਾਲ ਤੋਂ ਵੱਧ ਜੇਲ੍ਹ ਵਿਚ ਬਿਤਾਏ।9 ਪੂਰੀ ਤਰ੍ਹਾਂ ਬਰੀ ਹੋ ਗਏ ਹਨ, ਜਦਕਿ ਬਾਕੀਆਂ ‘ਤੇ ਇੱਕ-ਇੱਕ ਕੇਸ ਵਿਚਾਰ ਅਧੀਨ ਹੈ।

ਸਾਰਿਆਂ ਦੀ ਰੋਜ਼ੀ-ਰੋਟੀ ਦਾ ਜ਼ਰੀਆ ਖੇਤੀ ਜਾਂ ਮਜ਼ਦੂਰੀ ਹੈ।ਕਈ ਪਰਵਾਰਾਂ ਦੀ ਆਰਥਕ ਹਾਲਤ ਬਹੁਤ ਮਾੜੀ ਹੈ।18 ਤਾਂ ਅਨਪੜ੍ਹ ਹਨ।ਮੁਕੱਦਮਿਆਂ ਕਾਰਨ ਕਈ ਪੀੜਤ ਪਰਵਾਰਾਂ ਨੂੰ ਗਾਂ-ਬਲਦ ਤੱਕ ਵੇਚਣੇ ਪੈ ਗਏ ਅਤੇ ਜ਼ਮੀਨ ਦਾ ਕੁਝ ਹਿੱਸਾ ਗਿਰਵੀ ਰੱਖਣਾ ਪੈ ਗਿਆ।ਕਈਆਂ ਨੇ ਪਿੰਡ ਵਾਸੀਆਂ ਤੇ ਰਿਸ਼ਤੇਦਾਰਾਂ ਤੋਂ ਕਰਜ਼ ਲਿਆ।

ਆਰਥਕ ਤੰਗੀ ਕਾਰਨ ਬੱਚਿਆਂ ਦੀ ਪੜ੍ਹਾਈ ਛੁਟ ਗਈ।ਹਰ ਪੀੜਤ ਨੂੰ ਔਸਤਨ 90 ਹਜ਼ਾਰ ਖਰਚਣੇ ਪਏ।ਕਈ ਸਾਲ ਜੇਲ੍ਹ ਵਿਚ ਰਹਿਣ ਵਾਲਿਆਂ ਨੂੰ ਤਿੰਨ ਲੱਖ ਰੁਪਏ ਤੱਕ ਖਰਚਣੇ ਪਏ।ਜਦ ਵੀ ਕੋਈ ਘਟਨਾ ਹੁੰਦੀ ਹੈ, ਪੁਲਸ ਕੁਝ ਬੇਗੁਨਾਹ ਮੂਲਵਾਸੀਆਂ-ਆਦਿਵਾਸੀਆਂ ਦਾ ਨਾਂਅ ਐੱਫ ਆਈ ਆਰ ਵਿਚ ਜੋੜ ਦਿੰਦੀ ਹੈ।ਫਿਰ ਕੋਈ ਘਟਨਾ ਹੁੰਦੀ ਹੈ ਤਾਂ ਇਨ੍ਹਾਂ ਦੇ ਨਾਂਅ ਉਸ ਦੀ ਐੱਫ ਆਈ ਆਰ ਵਿਚ ਵੀ ਜੋੜ ਦਿੱਤੇ ਜਾਂਦੇ ਹਨ।ਕਈ ਵਾਰ ਪੁਲਸ ਬੇਗੁਨਾਹ ਨੂੰ ਗੁਨਾਹਗਾਰ ਬਣਾ ਕੇ ਪੇਸ਼ ਕਰ ਦਿੰਦੀ ਹੈ, ਤਾਂ ਕਿ ਦਿਖਾ ਸਕੇ ਕਿ ਉਹ ਆਪਣਾ ਕੰਮ ਕਰ ਰਹੀ ਹੈ।

ਮਹਾਂ ਸਭਾ ਨੇ ਮੰਗ ਕੀਤੀ ਹੈ ਕਿ ਬੇਗੁਨਾਹਾਂ ਖਿਲਾਫ ਕੇਸ ਤੁਰੰਤ ਵਾਪਸ ਲਏ ਜਾਣ, ਪੀੜਤ ਪਰਵਾਰਾਂ ਨੂੰ ਨੌਕਰੀਆਂ ਦਿੱਤੀਆਂ ਜਾਣ, ਫਰਜ਼ੀ ਮਾਮਲੇ ਬਣਾਉਣ ਵਾਲੇ ਪੁਲਸ ਅਧਿਕਾਰੀਆਂ ‘ਤੇ ਕਾਰਵਾਈ ਹੋਵੇ ਅਤੇ ਦਰਜ ਮਾਮਲਿਆਂ ਦੀ ਆਜ਼ਾਦ ਅਦਾਲਤੀ ਜਾਂਚ ਹੋਵੇ।

ਮਾਓਵਾਦੀ ਵਿਰੋਧੀ ਮੁਹਿੰਮਾਂ ਦੇ ਨਾਂਅ ‘ਤੇ ਗਰੀਬਾਂ, ਖਾਸਕਰ ਆਦਿਵਾਸੀਆਂ ਨੂੰ ਤੰਗ ਕਰਨਾ ਬੰਦ ਕੀਤਾ ਜਾਵੇ।ਮਾਓਵਾਦੀਆਂ ਦੇ ਦਬਾਅ ਵਿਚ ਮਹਿਜ਼ ਉਨ੍ਹਾਂ ਨੂੰ ਖਾਣਾ ਖੁਆਉਣ ਦੇ ਸ਼ੱਕ ਦੇ ਆਧਾਰ ‘ਤੇ ਆਦਿਵਾਸੀਆਂ ਨੂੰ ਮਾਓਵਾਦੀਆਂ ਨਾਲ ਜੋੜਨਾ ਬੰਦ ਕੀਤਾ ਜਾਵੇ।

# ਅਸੀਂ ਨਹੀਂ ਰਹਿਣਾ ਕਸ਼ਮੀਰ ‘ਚ!




ਨਵੀਂ ਦਿੱਲੀ:ਜੰਮੂ-ਕਸ਼ਮੀਰ ਪ੍ਰਸ਼ਾਸਨ ਦੇ ਸੁਰੱਖਿਆ ਦੇ ਭਰੋਸਿਆਂ ਦੇ ਬਾਵਜੂਦ ਵਿਸ਼ਾਲ ਰੈਣਾ ਕਸ਼ਮੀਰ ਨਹੀਂ ਪਰਤਣਾ ਚਾਹੁੰਦਾ।ਉਹ ਹਾਲ ਹੀ ਵਿਚ ਹਿੰਦੂਆਂ ਤੇ ਗੈਰ-ਸਥਾਨਕ ਲੋਕਾਂ ਦੇ ਕਤਲਾਂ ਤੋਂ ਬਹੁਤ ਡਰਿਆ ਹੋਇਆ ਹੈ।ਸਤੰਬਰ 2021 ਵਿਚ ਸ਼ੁਰੂ ਹੋਏ ਤੇ ਹਾਲ ਹੀ ਵਿਚ ਕਾਫੀ ਵਧ ਗਏ ਕਤਲਾਂ ਕਾਰਨ ਉਮੀਦ ਤੇ ਨਾਉਮੀਦੀ ਵਿਚ ਲਟਕ ਰਹੇ ਵਿਸ਼ਾਲ ਰੈਣਾ ਦੀ ਕੇਂਦਰ ਸਰਕਾਰ ਤੋਂ ਮੰਗ ਹੈ ਕਿ ਉਸ ਵਰਗੇ ਸਰਕਾਰੀ ਨੌਕਰਾਂ ਦੀ ਬਦਲੀ ਕਸ਼ਮੀਰ ਤੋਂ ਜੰਮੂ ਕੀਤੀ ਜਾਵੇ।ਵਿਸ਼ਾਲ ਉਨ੍ਹਾਂ ਕੋਈ 4500 ਲੋਕਾਂ ਵਿਚੋਂ ਹੈ, ਜਿਨ੍ਹਾਂ ਨੂੰ ਪ੍ਰਧਾਨ ਮੰਤਰੀ ਮੁੜਵਸੇਬਾ ਪੈਕੇਜ ਤਹਿਤ ਕਸ਼ਮੀਰ ਵਿਚ ਨੌਕਰੀਆਂ ਦਿੱਤੀਆਂ ਗਈਆਂ ਸਨ।ਉਸ ਦੀ ਸ੍ਰੀਨਗਰ ਦੇ ਇਕ ਸਕੂਲ ਵਿਚ ਤਾਇਨਾਤੀ ਸੀ ।ਕਰੀਬ 100 ਕਸ਼ਮੀਰੀ ਪੰਡਤਾਂ ਨੇ ਇੱਥੇ ਜੰਤਰ-ਮੰਤਰ ਵਿਚ ਪ੍ਰਦਰਸ਼ਨ ਕਰਕੇ ਕਿਹਾ ਕਿ ਉਨ੍ਹਾਂ ਨੂੰ ਅਣਪਛਾਤੇ ਕਾਤਲਾਂ ਤੋਂ ਬਚਾਓ ਤੇ ਜੰਮੂ ਵਿਚ ਨਿਯੁਕਤ ਕਰੋ।ਉਹ ਡਰ ਦੇ ਮਾਹੌਲ ਵਿਚ ਕਸ਼ਮੀਰ ਪਰਤਣ ਦੀ ਪੁਜ਼ੀਸ਼ਨ ਵਿਚ ਨਹੀਂ ਹਨ । ਜੰਮੂ ਆਪਣੇ ਪਰਵਾਰਾਂ ਕੋਲ ਪਰਤਣਾ ਚਾਹੁੰਦੇ ਹਨ।ਸਰਕਾਰੀ ਟੀਚਰ ਰਜਨੀ ਬਾਲਾ ਨੇ ਕਸ਼ਮੀਰ ਦੇ ਗੋਪਾਲਪਾਰਾ ਤੋਂ ਹੋਰ ਕਿਤੇ ਬਦਲਣ ਲਈ ਕਈ ਅਰਜ਼ੋਈਆਂ ਕੀਤੀਆਂ ਸਨ, ਪਰ ਸਰਕਾਰ ਨੇ ਨਹੀਂ ਸੁਣੀਆਂ ਤੇ ਆਖਰ ਉਸ ਨੂੰ ਮਾਰ ਦਿੱਤਾ।ਵਿਸ਼ਾਲ ਨੂੰ ਵੀ ਟੀ ਆਰ ਐੱਫ ਨਾਂਅ ਦੀ ਜਥੇਬੰਦੀ ਤੋਂ ਕਈ ਧਮਕੀਆਂ ਮਿਲੀਆਂ।ਇਕ ਹੋਰ ਪ੍ਰੋਟੈਸਟਰ ਨੇਹਾ ਪੰਡਿਤਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਪੈਕੇਜ ਪੂਰੀ ਤਰ੍ਹਾਂ ਫੇਲ੍ਹ ਹੈ।ਉਸ ਨੇ ਕਿਹਾ-ਪਹਿਲਾਂ ਸਾਨੂੰ ਕਸ਼ਮੀਰ ਵਿਚ ਸਾਡੇ ਘਰਾਂ ‘ਚ ਨਿਸ਼ਾਨਾ ਬਣਾਇਆ ਗਿਆ।ਪ੍ਰਸ਼ਾਸਨ ਨੇ ਸੁਰੱਖਿਆ ਕੈਂਪਾਂ ਵਿਚ ਬਦਲ ਦਿੱਤਾ ਫਿਰ ਸਾਨੂੰ ਸੜਕਾਂ ‘ਤੇ ਮਾਰਨ ਲੱਗ ਪਏ।ਫਿਰ ਸਾਨੂੰ ਦਫਤਰਾਂ ਦੇ ਨੇੜੇ ਰੱਖਿਆ ਗਿਆ, ਪਰ ਹੁਣ ਦਫਤਰਾਂ ਵਿਚ ਵੜ ਕੇ ਮਾਰ ਰਹੇ ਹਨ।


GOLDEN STAR PAINTING

ਨਵੇਂ/ਪੁਰਾਣੇ ਘਰ ਜਾਂ ਵਪਾਰ ਦੇ
ਅੰਦਰ ਜਾਂ ਬਾਹਰ ਪੇਂਟ ਕਰਨ ਦਾ ਕੰਮ
ਤਸੱਲੀਬਖਸ਼ ਅਤੇ ਵਾਜਿਬ ਕੀਮਤ ਤੇ ਕਰਦੇ ਹਾਂ



Free Estimate

ਪੁਰਾਣੇ ਘਰਾਂ ਤੇ ਸਪੈਸ਼ਲ ਡਿਸਕਾਊਂਟ

ਭੁਪਿੰਦਰ ਸਿੰਘ ਗਿੱਲ:604-897-5750




UNIVERSAL TENT RENTAL LTD.

PARTY RENTALS
- Chair Rentals
- Tables Rentals
- Audio/Visual
- Linens Rentals
- BBQ'S Rentals
- Portable Bar
- Carpet
- Dance Floor
- Lighting
- Decor & More.



Any size tent

NOW HIRING



Call today to book your special event
Jaswinder (Jessie) Thandi
Ph: 604.951.2905
Cell: 604.825.8588

Wedding, Anniversary, Birthday Party or Any other Occasion

ਵਿਆਹ ਸ਼ਾਦੀ ਜਾਂ ਕਿਸੇ ਵੀ ਤਰਾਂ ਦੀ ਪਾਰਟੀ ਲਈ ਟੈਂਟ, ਕੁਰਸੀਆਂ, ਮੇਜ਼ ਜਾਂ ਹੋਰ ਸਮਾਨ ਵਾਜਬ ਕੀਮਤਾਂ ਤੇ ਕਿਰਾਏ ਤੇ ਮਿਲਦਾ ਹੈ

NOW HIRING
Email: info@universaltent.ca
www.universaltent.ca



UNIVERSAL BUILDING MAINTENANCE LTD.
Since 1987

NOW HIRING



*RESIDENTIAL *COMMERCIAL *INDUSTRIAL

- Pressure Washing
- Carpet Cleaning
- Driveway Washing & Sealing
- Gutter Cleaning
- Floor Cleaning
- Waxing & Sealing
- New House Cleaning

Fast & Quality Service Reasonable Rates

Call Jaswinder (Jessie) Thandi

Cell: 604-377-2641
Bus: 604-951-2909

Website:www.universalbuildingmaintenance.ca
Email:universalbuildingmaintenance01@gmail.com

# ਇਹ ਆਟੋ ਜਾਂ ਮਿੰਨੀ ਬੱਸ !



ਨਵੀਂ ਦਿੱਲੀ : ਇੱਕ ਆਟੋ ਅਤੇ ਉਸ ‘ਚ 26 ਸਵਾਰੀਆਂ, ਸੁਣਨ ‘ਚ ਇਹ ਗੱਲ ਹੈਰਾਨ ਕਰ ਸਕਦੀ ਹੈ, ਪਰ ਹੈ ਸੱਚ। ਫਤਿਹਪੁਰ ‘ਚ ਇੱਕ ਡਰਾਈਵਰ 26 ਲੋਕਾਂ ਨੂੰ ਬੈਠਾ ਕੇ ਆਟੋ ਚਲਾ ਰਿਹਾ ਸੀ। ਸਪੀਡ ‘ਚ ਸੀ ਤਾਂ ਪੁਲਸ ਦੀ ਨਜ਼ਰ ਪੈ ਗਈ। ਪੁਲਸ ਵਾਲਿਆਂ ਨੇ ਆਟੋ ਰੋਕਿਆ ਤਾਂ ਦੰਗ ਰਹਿ ਗਏ। ਪੁਲਸ ਨੇ ਗਿਣਤੀ ਕਰਕੇ ਆਟੋ ‘ਚੋਂ ਇੱਕ-ਇੱਕ ਕਰਕੇ 27 ਲੋਕਾਂ ਨੂੰ ਕੱਢਿਆ।

ਸਾਰੇ ਬਕਰੀਦ ‘ਤੇ ਨਮਾਜ਼ ਪੜ੍ਹ ਕੇ ਵਾਪਸ ਆ ਰਹੇ ਸਨ। ਸੋਸ਼ਲ ਮੀਡੀਆ ‘ਤੇ ਇੱਕ ਵੀਡੀਓ ਵਾਇਰਲ ਹੋ ਰਿਹਾ ਹੈ, ਜਿਸ ‘ਚ ਇਹ ਸਭ ਦਿਖਾਈ ਦੇ ਰਿਹਾ ਹੈ। ਕਿਸੇ ਨੇ ਆਟੋ ਨੂੰ ਮਿੰਨੀ ਬੱਸ ਐਲਾਨਣ ਦੀ ਮੰਗ ਕੀਤੀ ਤਾਂ ਕਿਸੇ ਨੇ ਕਿਹਾ ਕਿ ਡਰਾਈਵਰ ਨੂੰ ਯੋਗੀ ਸਰਕਾਰ ਕੋਈ ਛੋਟਾ-ਮੋਟਾ ਐਵਾਰਡ ਜ਼ਰੂਰ ਦੇਵੇ।


## ਫਾਰਮ ਵਰਕਰਾਂ ਦੀ ਲੋੜ



ਸਰੀ ਵਿਚ 17757 ਅਤੇ 88 ਐਵੇਨਿਊ ਵਿਖੇ ਸਥਿਤ ਬੇਰੀ ਫਾਰਮ ਵਾਸਤੇ ਬੇਰੀ ਤੋੜਨ ਵਾਲਿਆਂ ਦੀ ਲੋੜ ਹੈ। ਬੇਰੀ ਮੋਟੇ ਫਰੂਟ ਵਾਲੀ ਹੈ। ਬੇਰੀ ਤੋੜਨ ਦਾ ਰੇਟ 55 ਸੈਂਟ ਪ੍ਰਤੀ ਪੌਂਡ ਦਿੱਤਾ ਜਾਵੇਗਾ। ਘਰ ਵਰਗਾ ਮਾਹੌਲ।

**ਸੰਪਰਕ ਕਰੋ**

**604-617-0574**



ਮਨ ਮਨੁੱਖ ਦੀ ਕੁੰਜੀ ਹੈ — Mind is the key to the man.

## NATURAL HOMEOPATHIC SOLUTIONS

Homeopathic Natural Products And Consultations

• Stress • Obesity & Weight Management & much more

**2nd Location at Abbotsford also**
#1, 32056 Cedar Park
(Above Dr. Chan Medical Clinic)
CALL Dr. Shveta : 604-304-2236
MBBS, MD & DHMHS (ONT.)

• Children & Ladies Problems and much more



We Have Effective New Medicines Based On Latest Research For The Cure Of:

- Allergy Conditions
- Colitis
- De-addiction
- Migraine
- Sexual Problems
- Arthritis
- Stress Anxiety
- All Auto-Immune Diseases

"Homeopath R S Saini receiving International Award"

Director, West coast Homeopathic Society of Canada

Dr.R S Saini & Dr. Shveta Has The Latest Knowledge For The Cure Of These Diseases.

ਹੋਮਿਉਪੈਥ ਆਰ. ਐਸ. ਸੈਣੀ D.HOM. (London), MD(AM), International Medal Awardee 1973 ਤੋ ਐਕਟਿਵ ਪ੍ਰੈਕਟਿਸ ਵਿਚੋਂ

**For Abbotsford**
#1, 32056 Cedar Park (Above Dr. Chan Medical Clinic)
Appointments Call Dr. Shveta
MBBS, MD & DHMHS (ONT.)
604-304-2236

**For Surrey**
231-8138-128 ST., SURREY
(2ND FLOOR PAYAL BUSINESS CENTER)
604-502-9579
www.homeopathsaini.com






Punjab TRAVELS



ਜੀਵਨ ਸਿੰਘ ਮੋਗਾ

ਅਸੀਂ ਇੰਡੀਆ ਜਾਂ ਇੰਡੀਆ ਦੇ ਕਿਸੇ ਵੀ ਕੋਨੇ ਤੇ ਆਉਣ-ਜਾਣ ਲਈ ਟਿਕਟਾਂ ਬਣਾਉਂਦੇ ਹਾਂ।

- ਸਪੈਸ਼ਲ ਰੇਟ : ਏਅਰ ਕਨੈਡਾ ਅਤੇ ਚਾਈਨਾ ਏਅਰ ਲਾਈਨ
- ਸਾਰੀਆਂ ਏਅਰ ਲਾਈਨਾਂ ਦੀਆਂ ਸਸਤੀਆਂ ਟਿਕਟਾਂ
- ਅਸੀਂ ਘਰੇਲੂ ਅਤੇ ਸਾਰੇ ਦੇਸ਼ਾਂ ਦੀਆਂ ਟਿਕਟਾਂ ਵੀ ਬਣਾਉਂਦੇ ਹਾਂ

2642 Cedar Park
Abbotsford, British Columbia V2T 3S5
Ph : 604-825-3075, 604-744-4400



***MORTGAGES FOR UPTO 50 MILLION**

IS AVAILABLE FOR LARGE PROJECTS

Yes, Private Mortgages Start from **6.99%** for a limited time*

Second Mortgages Start from **8.99%*** for a limited time.

QUICK & EASY APPROVALS

**Please Call:**

**SARBJIT DUBB, AMP**
Mortgage Consultant

**604-780-4497**

Verico A.K. Mortgage Plus Inc.

AK Mortgage Plus — Professional Mortgage Consultants

A.K. Mortgage Plus
103-7337-137th St., Surrey
604.501.7700 • 604.780.4497
Email: Sarbjit@mtg-plus.com
www.DubbMortgages.ca

*Rates are subject to change. O.A.C. Some Conditions Apply. VERICO A.K. MORTGAGE PLUS INC

- PURCHASES
- REFINANCES/RENEWALS
- 1ST & 2ND MORTGAGES
- MORTGAGE TRANSFER
- MORTGAGE ON EQUITY
- PRE-APPROVALS
- PRIVATE MORTGAGE

**5 YEAR VARIABLE**

**2.20 %*** Prime -1



# ਜਥੇਦਾਰ ਅਕਾਲ ਤਖਤ ਤੇ ਧਾਮੀ ਨੇ ਸਿੱਖ ਯੂਥ ਨੂੰ ਸਿੱਖ ਸ਼ਸਤਰ ਵਿੱਦਿਆ ਨਾਲ ਜੁੜਨ ਦਾ ਦਿੱਤਾ ਸੱਦਾ



ਅੰਮ੍ਰਿਤਸਰ:ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਮੀਰੀ ਪੀਰੀ ਦਿਵਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿੱਖ ਸ਼ਸਤਰ ਵਿੱਦਿਆ ਗੱਤਕਾ ਨੂੰ ਪ੍ਰਫੁੱਲਤ ਕਰਨ ਦੀ ਅਰਦਾਸ ਉਪਰੰਤ ਰਸਮੀ ਸ਼ੁਰੂਆਤ ਕੀਤੀ। ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਜਿਥੇ ਸਾਨੂੰ ਗੁਰਬਾਣੀ, ਸਿਮਰਨ ਰਾਹੀਂ ਰੂਹਾਨੀਅਤ ਤੌਰ 'ਤੇ ਬਲਵਾਨ ਹੋਣ ਲਈ ਪ੍ਰੇਰਿਆ, ਉਥੇ ਹੀ ਸਰੀਰਕ ਤੇ ਰਾਜਸੀ ਤੌਰ 'ਤੇ ਤਗੜੇ ਹੋਣ ਅਤੇ ਸ਼ਸਤਰ ਕਲਾ 'ਚ ਨਿਪੁੰਨ ਹੋਣ ਲਈ ਵੀ ਕਿਹਾ। ਉਨ੍ਹਾਂ ਨੌਜਵਾਨਾਂ ਤੇ ਬੱਚੇ-ਬੱਚੀਆਂ ਨੂੰ ਸ਼ਸਤਰ ਵਿੱਦਿਆ ਨਾਲ ਜੁੜਨ ਤੇ ਅਭਿਆਸ ਕਰਨ ਦੀ ਪ੍ਰੇਰਣਾ ਵੀ ਕੀਤੀ। ਇਸੇ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੀਰੀ ਪੀਰੀ ਦੇ ਸਿਧਾਂਤ ਨੂੰ ਸਮਰਪਿਤ ਦੋ ਕਿਰਪਾਨਾਂ ਪਹਿਨ ਕੇ ਸਿੱਖਾਂ ਲਈ ਪਾਤਸ਼ਾਹੀ ਜੀਵਨ ਦੀ ਮਿਸਾਲ ਦਿੱਤੀ। ਉਨ੍ਹਾਂ ਕਿਹਾ ਕਿ ਛੇਵੇਂ ਪਾਤਸ਼ਾਹ ਨੇ ਸਿੱਖਾਂ ਨੂੰ ਚੰਗੇ ਘੋੜੇ ਅਤੇ ਸ਼ਸਤਰ ਭੇਟ ਕਰਨ ਲਈ ਹੁਕਮ ਕੀਤੇ ਤੇ ਸ਼ਸਤਰ ਵਿੱਦਿਆ ਵਿੱਚ ਨਿਪੁੰਨ ਕੀਤਾ। ਉਨ੍ਹਾਂ ਕਿਹਾ ਕਿ ਸਿੱਖ ਸ਼ਸਤਰ ਕਲਾ ਗੱਤਕਾ ਆਤਮ ਰੱਖਿਆ ਦੇ ਨਾਲ-ਨਾਲ ਚੜ੍ਹ ਕੇ ਆਏ ਦੁਸ਼ਮਣ ਨਾਲ ਟਾਕਰੇ ਲਈ ਵੀ ਸਹਾਈ ਹੁੰਦਾ ਹੈ।

# ਅਰਨਬ ਗੋਸਵਾਮੀ ਦੇ ਚੈਨਲ ਨੂੰ ਜ਼ੁਰਮਾਨਾ

ਲੰਡਨ:-ਅਰਨਬ ਗੋਸਵਾਮੀ ਦੇ ਨਿਊਜ਼ ਚੈਨਲ ਰਿਪਬਲਿਕ ਇੰਡੀਆ ਦੇ ਇੱਕ ਪ੍ਰੋਗਰਾਮ ਵਿੱਚ ਪਾਕਿਸਤਾਨੀ ਮੂਲ ਦੇ ਬ੍ਰਿਟਿਸ਼ ਕਾਰੋਬਾਰੀ ਅਨਿਲ ਮੁਸਰਤ ਨੂੰ ਆਈਐਸਆਈ ਦੀ ਕਠਪੁਤਲੀ ਅਤੇ ਭਾਰਤ ਵਿੱਚ ਅੱਤਵਾਦ ਫੈਲਾਉਣ ਵਾਲਾ ਦੱਸਿਆ ਗਿਆ ਸੀ, ਜਿਸ ਦੇ ਖਿਲਾਫ ਮੁਸਰਤ ਨੇ ਯੂਕੇ ਦੀ ਅਦਾਲਤ ਵਿੱਚ ਪਹੁੰਚ ਕੀਤੀ ਸੀ। ਅਦਾਲਤ ਨੇ ਯੂਕੇ ਵਿੱਚ ਰਿਪਬਲਿਕ ਚੈਨਲ ਦਾ ਪ੍ਰਸਾਰਣ ਕਰਨ ਵਾਲੀ ਕੰਪਨੀ 'ਤੇ 35 ਲੱਖ ਰੁਪਏ ਤੋਂ ਵੱਧ ਦਾ ਜੁਰਮਾਨਾ ਵੀ ਲਗਾਇਆ ਹੈ।


GARCHA Plumbing
Heating & Repair Ltd.




ਨਵੇਂ ਪੁਰਾਣੇ ਘਰਾਂ ਦੀ ਹੀਟਿੰਗ ਅਤੇ ਪਲਬਿੰਗ

* Hot Water Tank Replacement
* Boiler & Furnace Repair
* Drain Cleaning
* Certified Plumber





Amarjit Singh Garcha
604-306-3276
Big Or Small, We Do It All



ICBC Certified Driving School
B and H Driving School Inc.
Surrey BC

Driving Training 5, 7




Certified Instructor
Reasonable Rates
Punjabi Speaking
Car Available for Road Test

ਤਜਰਬੇਕਾਰ ਇੰਸਟ੍ਰਕਟਰ ਕੋਲੋਂ ਕਾਰ ਚਲਾਉਣੀ ਸਿੱਖੋ। ਸਾਡੇ ਰੇਟ ਵਾਜਬ ਹਨ ਅਤੇ ਅਸੀਂ ਪੰਜਾਬੀ ਬੋਲਦੇ ਹਾਂ। ਰੋਡ ਟੈਸਟ ਲਈ ਕਾਰ ਵੀ ਉਪਲੱਬਧ ਹੈ। ਸੰਪਰਕ ਕਰੋ :

604-807-2296

2310


# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

www.singhsabhasurrey.com

8115, 132 ਸਟਰੀਟ, ਸਰੀ, ਬੀ.ਸੀ. V3W 4N5

## ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ


ਸਵੇਰੇ
ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਜੀ: 4.00 ਵਜੇ
ਸਹਿਜ ਪਾਠ:4.30-6.00 ਵਜੇ
ਆਸਾ ਕੀ ਵਾਰ: 6.00-7.45
ਅਰਦਾਸ/ਹੁਕਮਨਾਮਾ:7.45-8.00 ਵਜੇ
ਕਥਾ ਹੁਕਮਨਾਮਾ: 8:00-8:30 ਵਜੇ
ਕੀਰਤਨ:8.30-9.40 ਵਜੇ
ਕਥਾ:9.40-10.30 ਵਜੇ
ਢਾਡੀ:10.30-11.30
ਸਮਾਪਤੀ

ਸ਼ਾਮ ਦੇ ਦੀਵਾਨ
ਚੌਂਕੀ ਸੋਦਰ: 4.30-5.00
ਪਾਠ ਸੋਦਰ:5.00-5.30
ਗੁਰਬਾਣੀ ਕੀਰਤਨ:5.30-6.40
ਕਥਾ:6.40-7.15
ਢਾਡੀ:7.15-8.00
ਸਮਾਪਤੀ

## ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ

ਬੀਬੀਆਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ:
ਹਰ ਮੰਗਲਵਾਰ 11.30 ਤੋਂ 1.30 ਵਜੇ ਤੱਕ

## ਜੁਲਾਈ ਮਹੀਨੇ ਦੇ ਪ੍ਰੋਗਰਾਮ



ਇਸ ਹਫਤੇ ਗੁਰਦੁਆਰਾ ਸਾਹਿਬ ਵਿਖੇ ਭਾਈ ਤਾਰੂ ਸਿੰਘ ਜੀ ਦਾ ਸ਼ਹੀਦੀ ਦਿਹਾੜਾ ਮਨਾਇਆ ਜਾਵੇਗਾ ਅਤੇ 2 ਸ੍ਰੀ ਅਖੰਡਪਾਠ ਸਾਹਿਬ ਦੀ ਸੇਵਾ ਹੋਵੇਗੀ।

1. ਨਗਰ ਸਾਹਨੇਵਾਲ ਦੀਆਂ ਸੰਗਤਾਂ ਵੱਲੋਂ 2.ਭਾਈ ਗੁਰਮੁਖ ਸਿੰਘ ਪਰਿਵਾਰ ਵੱਲੋਂ

ਇਹ ਦੋਨੋਂ ਅਖੰਡਪਾਠ ਸਾਹਿਬ 15 ਜੁਲਾਈ ਦਿਨ ਸ਼ੁੱਕਰਵਾਰ ਨੂੰ ਸਵੇਰੇ 9.30 ਵਜੇ ਆਰੰਭ ਹੋਣਗੇ ਅਤੇ ਭੋਗ 17 ਜੁਲਾਈ ਦਿਨ ਐਤਵਾਰ ਸਵੇਰੇ 9.30 ਵਜੇ ਪਾਏ ਜਾਣਗੇ। ਉਪਰੰਤ ਖੁੱਲ੍ਹੇ ਦੀਵਾਨ ਸਜਣਗੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

*15 ਜੁਲਾਈ ਦਿਨ ਸ਼ੁੱਕਰਵਾਰ ਅੰਤਮ ਸਸਕਾਰ ਸਵ. ਦਰਸ਼ਨ ਸਿੰਘ ਰਿਵਰ ਸਾਈਡ ਫਿਊਨਰਲ ਹੋਮ ਵਿਖੇ ਸਵੇਰੇ 10 ਵਜੇ ਹੋਵੇਗਾ। ਉਪਰੰਤ ਪਰਿਵਾਰ ਵੱਲੋਂ ਉਹਨਾਂ ਨਮਿਤ ਰਖਾਏ ਸਹਿਜਪਾਠ ਦੇ ਭੋਗ ਗੁਰੂਘਰ ਵਿਖੇ ਸਵੇਰੇ 11.30 ਵਜੇ ਪਾਏ ਜਾਣਗੇ ਅਤੇ ਅੰਤਮ ਅਰਦਾਸ ਹੋਵੇਗੀ।

*16 ਜੁਲਾਈ ਦਿਨ ਸ਼ਨਿਚਰਵਾਰ ਨੂੰ ਸਵ. ਆਤਮ ਸਿੰਘ ਸਿੱਧੂ ਦਾ ਅੰਤਮ ਸਸਕਾਰ ਦੁਪਹਿਰ 12.30 ਵਜੇ ਰਿਵਰ ਸਾਈਡ ਫਿਊਨਰਲ ਹੋਮ ਵਿਖੇ ਹੋਵੇਗਾ। ਉਪਰੰਤ ਉਹਨਾਂ ਨਮਿਤ ਰਖਾਏ ਸਹਿਜਪਾਠ ਦੇ ਭੋਗ ਗੁਰੂਘਰ ਵਿਖੇ ਦੁਪਹਿਰ 2 ਵਜੇ ਪਾਏ ਜਾਣਗੇ ਅਤੇ ਅੰਤਮ ਅਰਦਾਸ ਹੋਵੇਗੀ।

*16 ਜੁਲਾਈ ਦਿਨ ਸ਼ਨਿਚਰਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ 3 ਪਰਿਵਾਰਾਂ ਵੱਲੋਂ ਹੋਵੇਗੀ:

1.ਭਾਈ ਸਨਦੀਪ ਸਿੰਘ ਪਰਿਵਾਰ ਵੱਲੋਂ 2.ਭਾਈ ਗੁਰਸ਼ਰਨ ਸਿੰਘ ਪਰਿਵਾਰ ਵੱਲੋਂ 3.ਭਾਈ ਗੁਰਦੀਪ ਸਿੰਘ ਪਰਿਵਾਰ ਵੱਲੋਂ

*17 ਜੁਲਾਈ ਦਿਨ ਐਤਵਾਰ ਸਵੇਰ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਸੁਖਵਿੰਦਰ ਸਿੰਘ ਪਰਿਵਾਰ ਵੱਲੋਂ ਹੋਵੇਗੀ ਅਤੇ ਭਾਈ ਸਤਨਾਮ ਸਿੰਘ ਪਰਿਵਾਰ ਵੱਲੋਂ ਸਹਿਜਪਾਠ ਦੇ ਭੋਗ ਪਾਏ ਜਾਣਗੇ ਅਤੇ ਲੰਗਰਾਂ ਦੀ ਸੇਵਾ ਹੋਵੇਗੀ।

ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ 3 ਪਰਿਵਾਰਾਂ ਵੱਲੋਂ ਹੋਵੇਗੀ:

1. ਬਲਵਿੰਦਰ ਸਿੰਘ ਵਿਨਿੰਗ ਪਰਿਵਾਰ ਵੱਲੋਂ ਆਪਣੇ ਬੇਟੇ ਅਵੀਰਾਜ ਸਿੰਘ ਦੇ 20ਵੇਂ ਜਨਮਦਿਨ ਦੀ ਖੁਸ਼ੀ ਵਿਚ 2. ਭਾਈ ਸਤਵਿੰਦਰ ਸਿੰਘ ਪਰਿਵਾਰ ਵੱਲੋਂ ਆਪਣੀ ਬੇਟੀ ਜਸਨੂਰ ਕੌਰ ਅਤੇ ਬੇਟਾ ਸੁਖਨੂਰ ਸਿੰਘ ਦੇ ਪਹਿਲੇ ਜਨਮਦਿਨ ਦੀ ਖੁਸ਼ੀ ਵਿਚ 3. ਭਾਈ ਸੁਖਦੇਵ ਸਿੰਘ ਸੰਧੂ ਪਰਿਵਾਰ ਵੱਲੋਂ।

**ਵਿਸ਼ੇਸ਼ ਨੋਟ:ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ**

ਕੀਰਤਨੀ ਜਥੇ:ਭਾਈ ਪਰਮਜੀਤ ਸਿੰਘ ਬੰਗਿਆਂ ਵਾਲਿਆਂ ਦਾ ਜਥਾ, ਭਾਈ ਸਤਨਾਮ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਕਥਾਵਾਚਕ:ਭਾਈ ਜਸਵਿੰਦਰ ਸਿੰਘ ਜੀ

**ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ**
**ਫੋਨ:604-590-3232, 778-713-5121, 604-590-3224, ਫੈਕਸ:604-572-3276**

# ਭਗਵਾਨ ਸ਼ਿਵ ਦਾ ਭੇਸ ਬਣਾਉਣ ਵਾਲੇ ਤੇ ਕੇਸ ਦਰਜ਼

ਗੁਹਾਟੀ: ਆਸਾਮ ਦੇ ਨਾਗਾਓਂ ਜ਼ਿਲ੍ਹੇ ਵਿੱਚ ਮਹਿੰਗਾਈ ਅਤੇ ਵਧਦੀਆਂ ਕੀਮਤਾਂ ਨੂੰ ਲੈ ਕੇ ਇੱਕ ਨੁੱਕੜ ਨਾਟਕ ਵਿੱਚ ਭਗਵਾਨ ਸ਼ਿਵ ਦਾ ਭੇਸ ਬਣਾ ਕੇ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਦੋਸ਼ ਵਿੱਚ ਇੱਕ 38 ਸਾਲਾ ਵਿਅਕਤੀ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਪੁਲਸ ਨੇ ਦੱਸਿਆ ਕਿ ਉਸ ਨੂੰ ਐਤਵਾਰ ਨੂੰ ਰਿਹਾਅ ਕਰ ਦਿੱਤਾ ਗਿਆ।



ਇੰਡੀਅਨ ਐਕਸਪ੍ਰੈਸ ਦੀ ਖਬਰ ਮੁਤਾਬਕ ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਵਿਸ਼ਵ ਹਿੰਦੂ ਪ੍ਰੀਸ਼ਦ (ਵੀ.ਐੱਚ.ਪੀ.) ਅਤੇ ਭਾਰਤੀ ਜਨਤਾ ਯੁਵਾ ਮੋਰਚਾ (ਬੀ.ਜੇ.ਵਾਈ.ਐੱਮ.) ਅਤੇ ਹੋਰ ਸਮੂਹਾਂ ਦੀਆਂ ਸ਼ਿਕਾਇਤਾਂ ਦੇ ਆਧਾਰ 'ਤੇ ਨਗਾਓਂ ਦੇ ਨੌਨੋਈ ਪਿੰਡ ਦੇ ਰਹਿਣ ਵਾਲੇ ਸਮਾਜਿਕ ਕਾਰਕੁਨ ਬਿਰਿੰਚੀ ਬੋਰਾ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

ਇਸ ਤੋਂ ਬਾਅਦ, ਨਗਾਓਂ ਸਰਦਾਰ ਪੁਲਿਸ ਸਟੇਸ਼ਨ ਵਿੱਚ ਇੱਕ ਐਫਆਈਆਰ ਦਰਜ ਕੀਤੀ ਗਈ ਸੀ ਅਤੇ ਬੋਰਾ ਦੇ ਖਿਲਾਫ ਭਾਰਤੀ ਦੰਡਾਵਲੀ (ਆਈਪੀਸੀ) ਦੀ ਧਾਰਾ 295ਏ (ਧਾਰਮਿਕ ਭਾਵਨਾਵਾਂ ਨੂੰ ਭੜਕਾਉਣ ਦੇ ਇਰਾਦੇ ਨਾਲ ਜਾਣਬੁੱਝ ਕੇ ਅਤੇ ਭੈੜੇ ਕੰਮ) ਅਤੇ ਹੋਰ ਧਾਰਾਵਾਂ ਦੇ ਤਹਿਤ ਮਾਮਲਾ ਦਰਜ ਕੀਤਾ ਗਿਆ ਸੀ। ਉਸ ਨੇ ਇੰਡੀਅਨ ਐਕਸਪ੍ਰੈਸ ਨੂੰ ਦੱਸਿਆ, 'ਕਿਸੇ ਦੇ ਵਿਸ਼ਵਾਸ ਨੂੰ ਠੇਸ ਪਹੁੰਚਾਉਣ ਦਾ ਕੋਈ ਇਰਾਦਾ ਨਹੀਂ ਸੀ। ਮੈਂ ਭਗਵਾਨ ਸ਼ਿਵ ਨੂੰ ਮੌਜੂਦਾ ਹਾਲਾਤਾਂ ਨਾਲ ਤੁਲਨਾ ਕਰਦੇ ਹੋਏ ਚਿੱਤਰਿਤ ਕੀਤਾ ਹੈ ਇਹ ਦਰਸਾਉਣ ਲਈ ਕਿ ਕੀਮਤਾਂ ਇੰਨੀਆਂ ਉੱਚੀਆਂ ਹਨ ਕਿ ਜੇਕਰ ਰੱਬ ਧਰਤੀ 'ਤੇ ਹੁੰਦਾ ਤਾਂ ਉਹ ਵੀ ਤਣਾਅ ਵਿਚ ਹੁੰਦਾ। ਉਸਨੇ ਅੱਗੇ ਕਿਹਾ ਕਿ ਅਸਾਮੀ ਨਾਟਕਾਂ ਵਿੱਚ ਦੇਵੀ ਦੇਵਤਿਆਂ ਨੂੰ ਮਨੁੱਖੀ ਰੂਪ ਵਿੱਚ ਦਰਸਾਇਆ ਜਾਣਾ ਕੋਈ ਅਸਾਧਾਰਨ ਗੱਲ ਨਹੀਂ ਹੈ। "ਹਾਲਾਂਕਿ, ਹੁਣ ਸਥਿਤੀ ਅਜਿਹੀ ਹੈ ਕਿ ਪ੍ਰਗਟਾਵੇ ਦੀ ਆਜ਼ਾਦੀ ਦੇ ਅਧਿਕਾਰ ਨੂੰ ਦਬਾ ਦਿੱਤਾ ਗਿਆ ਹੈ ਅਤੇ ਤੁਸੀਂ ਮੌਜੂਦਾ ਸਰਕਾਰ ਵਿਰੁੱਧ ਕੁਝ ਨਹੀਂ ਬੋਲ ਸਕਦੇ,"

ਘਟਨਾ ਤੋਂ ਬਾਅਦ ਅਸਾਮ ਦੇ ਮੁੱਖ ਮੰਤਰੀ ਹਿਮਾਂਤਾ ਬਿਸਵਾ ਸ਼ਰਮਾ ਨੇ ਕਿਹਾ ਕਿ ਮੌਜੂਦਾ ਮੁੱਦਿਆਂ 'ਤੇ ਨੁੱਕੜ ਨਾਟਕ ਕਰਨਾ 'ਈਸ਼ ਨਿੰਦਾ' ਨਹੀਂ ਹੈ।


**AujLawZ**

**Tax & Accounting Services**

• Reliable • Professional • Confidential

(we provide first couple of month's service free)

*Income Tax Filling (Personal & Small Business)
*Accounting including Payroll Small business
*Indian & Canadian Passport Renewal App
*Permanent Resident Card Renewal App
*Rental Agreement & Evacuation of Tenant App
*Super Visa Medical Insurance & Life Insurance
*Canadian Citizenship App
*Employment Insurance App
*Retirement Pension App
*Canadian Disability App
*OCI Application
*US visa & Visa App for India

Contact: Gurbachan Aujla

**604-504-1657, 604-835-3693**

Off:#205-2580 Cedar Park Pl Abbotsford, BC V2T 3S5
Res:2357 Bevan Cres Abbotsford BC V2T 3Z4
Email:aujlagee@shaw.ca

0323


## ਦੇਸ਼ ਵਿਰੋਧੀ ਏਜੰਡੇ ਲਈ ਫੰਡਾਂ ਦੀ ਦੁਰਵਰਤੋਂ ਮੇਧਾ ਪਾਟਕਰ ਖਿਲਾਫ ਕੇਸ ਦਰਜ



ਬਨਵਾੜੀ-ਨਰਮਦਾ ਬਚਾਓ ਅੰਦੋਲਨ ਦੀ ਨੇਤਾ ਮੇਧਾ ਪਾਟਕਰ ਅਤੇ 11 ਹੋਰਾਂ 'ਉਪਰ ਆਦਿਵਾਸੀ ਵਿਦਿਆਰਥੀਆਂ ਲਈ ਵਿਦਿਅਕ ਸਹੂਲਤਾਂ ਦੇ ਪ੍ਰਬੰਧਨ ਲਈ ਇਕੱਠੇ ਕੀਤੇ ਫੰਡ ਦੀ ਦੁਰਵਰਤੋਂ ਕਰਨ ਦਾ ਦੋਸ਼ ਹੈ। ਮੇਧਾ ਪਾਟਕਰ ਨੇ ਦੋਸ਼ ਲਾਇਆ ਕਿ ਸ਼ਿਕਾਇਤਕਰਤਾ ਹਿੰਦੂ ਸੰਸ਼ਥਾਵਾਂ ਅਤੇ ਆਰ ਐਸ ਐਸ ਨਾਲ ਜੁੜਿਆ ਹੋਏ ਹਨ। ਉਨ੍ਹਾਂ ਕਿਹਾ ਕਿ ਇਸ ਮਾਮਲੇ ਪਿੱਛੇ ਕੋਈ ਸਿਆਸੀ ਕਾਰਨ ਹੋ ਸਕਦਾ ਹੈ ਜਾਂ ਐਫਆਈਆਰ ਦਰਜ ਕਰਵਾ ਕੇ ਸਾਨੂੰ ਬਦਨਾਮ ਕਰਨ ਦੀ ਸਾਜ਼ਿਸ਼ ਹੋ ਸਕਦੀ ਹੈ।

## ਮਹਾਂਰਾਸ਼ਟਰ ਵਿੱਚ ਮੁਸਲਿਮ ਆਗੂ ਦੀ ਹੱਤਿਆ

ਨਾਸਿਕ:ਮਹਾਰਾਸ਼ਟਰ ਦੇ ਨਾਸਿਕ ਜ਼ਿਲ੍ਹੇ ਵਿੱਚ ਇੱਕ ਮੁਸਲਿਮ ਅਧਿਆਤਮਕ ਆਗੂ ਦੀ ਹੱਤਿਆ ਦਾ ਮਾਮਲਾ ਸਾਹਮਣੇ ਆਇਆ ਹੈ। ਜਾਣਕਾਰੀ ਮੁਤਾਬਕ 35 ਸਾਲਾ ਸੂਫੀ ਸੰਤ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ।

ਦੱਸਿਆ ਜਾ ਰਿਹਾ ਹੈ ਕਿ ਇਹ ਸੂਫਾ ਬਾਬਾ ਅਫਗਾਨਿਸਤਾਨ ਦਾ ਰਹਿਣ ਵਾਲਾ ਸੀ। ਪੁਲਿਸ ਮੁਤਾਬਕ 4 ਲੋਕਾਂ ਨੇ ਇਸ ਵਾਰਦਾਤ ਨੂੰ ਅੰਜਾਮ ਦਿੱਤਾ ਹੈ।

ਕਤਲ ਦੀ ਇਹ ਘਟਨਾ ਯੇਲਾ ਤਾਲੁਕਾ ਦੇ ਚਿਚੌਂਡੀ ਐਮਆਈਡੀਸੀ ਖੇਤਰ ਵਿੱਚ ਵਾਪਰੀ। ਮੀਡੀਆ ਰਿਪੋਰਟਾਂ ਮੁਤਾਬਕ ਅਫਗਾਨ ਨਾਗਰਿਕ ਸੂਫੀ ਖਵਾਜਾ ਸਈਦ ਜ਼ਰੀਬ ਚਿਸ਼ਤੀ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਉਸ ਦੀ ਉਮਰ 35 ਸਾਲ ਦੇ ਕਰੀਬ ਸੀ। ਪੁਲਿਸ ਕਾਤਲਾਂ ਦੀ ਭਾਲ ਵਿੱਚ ਹੈ।


**Injured in an accident?**
**ICBC claim?**

**We can help.**

We have professional and experienced staff. We cover all litigation expenses and if there is no recovery, there are no fees to you. Legal services also available in Punjabi, Hindi, Urdu.

ਆਈ.ਸੀ.ਬੀ.ਸੀ. ਅਤੇ ਪਰਸਨਲ ਇੰਜਰੀ ਕਲੇਮ

ਸਾਡੇ ਕੋਲ ਪ੍ਰੋਫੇਸ਼ਨਲ ਅਤੇ ਤਜ਼ਰਬੇਕਾਰ ਸਟਾਫ ਹੈ।
ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ।
ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲ ਕਰਦੇ ਹਾਂ

We handle accident issues related to:
> Brain and spinal cord injuries
> Fatality claims
> Chronic pain
> Soft tissue injuries
> All economic damages and losses
> Slip and fall injuries

For a fair settlement for your claim, call **Mandeep Randhawa** today.

- Member, Law Society of British Columbia
- Member, Canadian Bar Association including sub-section memberships in Civil Litigation and Insurance Law
- Member, Trial Lawyers Association of British Columbia
- Member, Indo-Canadian Business Association
- Speaker for the People's Law School on Personal injury Claims
- BSc (Honours), University of Delhi, 1994
- LLB, University of British Columbia, 1998
- Nominated for the Stanton Award-"Outstanding All Round Graduate over 3 years."
- Admitted to the Bar of British Columbia in 1999



Mandeep Randhawa,
*B.Sc., L.L.B (UBC)*

RM TRIAL LAWYERS

MANDEEP RANDHAWA LAW CORPORATION

**T 604 449 7500**

#205 – 7134 King George Boulevard, Surrey, BC V3W 5A3

• F 604 449 7501 • TF 1 888 449 7573 • www.rmlawyers.ca

# ਸ਼ਹੀਦ ਜਵੰਦ ਸਿੰਘ ਦੀ 105ਵੀਂ ਐਨਵਰਸਰੀ



ਸ. ਜਵੰਦ ਸਿੰਘ ਸਪੁੱਤਰ ਸ. ਨਰੈਣ ਸਿੰਘ ਪਿੰਡ ਨੰਗਲਕਲਾਂ ਜ਼ਿਲ੍ਹਾ ਹੁਸ਼ਿਆਰਪੁਰ ਜੋ ਕਿ ਸ. ਹਰੀ ਸਿੰਘ ਦੇ ਪੋਤਰੇ ਸਨ, ਉੱਪਰ 5ਵੀਂ ਲਾਹੌਰ ਸਾਜਿਸ਼ ਦਾ ਕੇਸ ਬਣਾਇਆ ਗਿਆ ਸੀ ਅਤੇ ਉਹਨਾਂ ਨੂੰ ਜੁਲਾਈ 17, 1917 ਵਿਚ ਫਾਂਸੀ ਦੀ ਸਜਾ ਸੁਣਾਈ ਗਈ ਸੀ।ਸ. ਜਵੰਦ ਸਿੰਘ ਜਦੋਂ ਕਨੇਡਾ ਰਹਿੰਦੇ ਸਨ ਤਾਂ ਉਹ ਗਦਰ ਪਾਰਟੀ ਵਿਚ ਸ਼ਾਮਲ ਹੋਏ।ਵਾਪਸ ਪੰਜਾਬ ਪਰਤੇ ਕੇ ਆਜ਼ਾਦੀ ਦੀ ਜੰਗ ਵਿਚ ਕੁੱਦ ਪਏ।ਉਹ ਕਨੇਡਾ ਵਿਖੇ ਆਪਣੇ ਵੱਡੇ ਭਰਾ ਹੀਰਾ ਸਿੰਘ ਨਾਲ ਆਏ ਸਨ ਜੋ ਵਿਕਟੋਰੀਆ ਬੀ.ਸੀ ਦੇ ਗੁਰਦੁਆਰਾ ਸਾਹਿਬ ਵਿਖੇ ਪਹਿਲੇ ਗਰੰਥੀ ਸਨ।

# ਗੁਰੂ ਨਾਨਕ ਸਿੱਖ ਗੁਰਦਵਾਰਾ ਸਰੀ ਨੇੜੇ ਵਾਲੀਬਾਲ ਗਰਾਊਂਡ ਦਾ ਉਦਘਾਟਨ



ਸਰੀ, ਬੀ.ਸੀ.- ਸਰੀ ਸਿਟੀ ਕਾਊਂਸਿਲ ਨੇ ਵੀਰਵਾਰ (7 ਜੁਲਾਈ) ਨੂੰ ਗੁਰੂ ਨਾਨਕ ਸਿੱਖ ਗੁਰਦਵਾਰਾ ਸਰੀ ਦੇ ਨਾਲ ਕਬੱਡੀ ਪਾਰਕ ਵਿਖੇ ਦੋ ਨਵੇਂ ਆਊਟਡੋਰ ਰਬੜ ਵਾਲੇ ਵਾਲੀਬਾਲ ਗਰਾਊਂਡਾਂ, ਅੱਪਗ੍ਰੇਡ ਕੀਤੇ ਵਾਕਿੰਗ ਲੂਪ ਅਤੇ ਇੱਕ ਨਵੇਂ ਪਿਕਨਿਕ ਸਥਾਨ ਦਾ ਉਦਘਾਟਨ ਕੀਤਾ।ਕਬੱਡੀ ਪਾਰਕ ਨਿਊਟਨ ਵਿੱਚ ਗੁਰੂ ਨਾਨਕ ਸਿੱਖ ਗੁਰਦਵਾਰਾ ਕੋਲ ਸਕੌਟ ਰੋਡ ਅਤੇ 72ਵੇਂ ਐਵੇਨਿਊ ਵਿੱਚ 2.4 ਹੈਕਟੇਅਰ ਪਾਰਕ ਹੈ। ਇਹ 800 ਤੋਂ ਵੱਧ ਪਾਰਕਾਂ ਵਿੱਚੋਂ ਇੱਕ ਹੈ ਜਿਸਦਾ ਪ੍ਰਬੰਧਨ ਸਿਟੀ ਆਫ਼ ਸਰੀ ਵੱਲੋਂ ਕੀਤਾ ਜਾਂਦਾ ਹੈ।

# ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਸਰੀ ਵਿਖੇ ਬੱਚਿਆਂ ਨੂੰ ਲੈਪਟਾਪ ਵੰਡੇ ਗਏ





ਸਰੀ:ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਸਰੀ ਦੇ ਪ੍ਰਬੰਧਕਾਂ ਵੱਲੋਂ ਹਮੇਸ਼ਾ ਹੀ ਲੋਕ ਭਲਾਈ ਦੇ ਕੰਮਾ ਵਿੱਚ ਵੱਧ ਚੜ੍ਹ ਕੇ ਹਿੱਸਾ ਪਾਇਆ ਜਾਂਦਾ ਹੈ।ਪਿਛਲੇ ਦਿਨੀ 3 ਜੁਲਾਈ ਐਤਵਾਰ ਵਾਲੇ ਦਿਨ, ਅਫਗਾਨਿਸਤਾਨ ਤੋਂ ਆਏ ਸਿੱਖ ਪ੍ਰਵਾਰਾਂ ਦੇ ਬੱਚਿਆਂ ਨੂੰ, ਖਾਲਸਾ ਏਡ ਦੇ ਸਹਿਯੋਗ ਨਾਲ 19 ਲੈਪਟਾਪ ਵੰਡੇ ਗਏ ਤਾਂ ਕਿ ਬੱਚੇ ਪੜ੍ਹਾਈ ਵਿੱਚ ਅਵੱਲ ਹੋ ਜਾਣ।ਇਸ ਚੰਗੇ ਕੰਮ ਦੀ ਸਭ ਪਾਸੇ ਸ਼ਾਲਾਘਾ ਹੋ ਰਹੀ ਹੈ।


MB BRAR & Co.
Accounting & Business Professionals

INCOME TAX ਇਨਕਮ ਟੈਕਸ

Nil Income Still Eligible For Refunds. E-file For Faster Refunds

ਸਾਨੂੰ ਵਧੀਆ ਅਤੇ ਭਰੋਸੇਯੋਗ ਸੇਵਾਵਾਂ ਲਈ ਮਿਲੋ:

For Prompt, Polite And Professional Services, Please See Us

- Personal Tax (T1) • ਪਰਸਨਲ ਟੈਕਸ
- Sole Proprietor • ਪ੍ਰੋਪਰਾਇਟਰ
- Corporate Tax (T2) • ਕੋਰਪੋਰੇਟ ਟੈਕਸ
- Partnerships • ਪਾਰਟਨਰਸ਼ਿਪ
- GST, PST & HST • ਜੀ.ਐਸ.ਟੀ., ਪੀ.ਐਸ.ਟੀ. ਅਤੇ ਐਚ.ਐਸ.ਟੀ.
- WCB • ਡਬਲਿਊ.ਸੀ.ਬੀ.
- CRA Reviews • ਸੀ.ਆਰ.ਏ. ਰਿਵੀਉਜ਼
- Business Planning • ਬਿਜਨਿਸ ਪਲੈਨਿੰਗ

All Revenue Canada applications and inquiries.

Mandeep Brar: 778-908-3317
mandeep@brarco.ca





Continental Immigration Solutions
"Helping Make Canada Home"

- Super Visa • ਸੁਪਰ ਵੀਜਾ
- Permanent Residence • ਪਰਮਾਨੈਂਟ ਰੇਜੀਡੈਂਸ
- Study Permit • ਸਟੱਡੀ ਪਰਮਿਟ
- Work Permit • ਵਰਕ ਪਰਮਿਟ
- Provincial Nominations • ਪ੍ਰੋਵਿੰਸ਼ੀਅਲ ਨੌਮੀਨੇਸ਼ਨਜ
- Spousal Sponsorship • ਪਤੀ/ਪਤਨੀ ਸਪੌਂਸਰਸ਼ਿਪ

Sukhvir Chand
RCIC, BBA
778-549-6851
sukh@cisonline.ca

CAPIC ACCP
www.cisonline.ca
Commissioner of Oaths for British Columbia
Member of CAPIC
iccrc crcic

Unit 101 32883 South Fraser Way Abbotsford British Columbia V2S 2A6 | Tel: 604-852-3201 | Fax: 604-852-3284


LIQUOR discounter
Friday July 08, 2022 until Sunday Jul 31, 2022
$49.99 1.75L STOLICHNAYA VODKA $23.99 750ML
$48.79 KAHLUA 1.75L
$48.79 1.75L WISERS DELUXE $31.99 1.14L
$48.79 1.75L BACARDI WHITE $20.99 750ML
$45.99 GREY GOOSE 750ML
$38.99 BODACIOUS CAB SAUV 4L
$38.99 JACKSON TRIGGS SHIRAZ 4L
$44.99 CIROC MANGO SUMMER WATERMELON 750ML
$43.99 KETEL ONE 1.14L
$36.99 BOMBAY GIN 1.14L
$35.99 CROWN ROYAL 1.14L
$35.99 BAILEYS 1.14L
$35.99 1800 REPOSADO SILVER 750ML
$14.99 COPPER MOON MERLOT SHIRAZ 1.5L
$14.99 JACKSON TRIGGS CAB SAUV PINOT GRIGIO 1.5L
$34.99 ABSOLUT VODKA 1.14L
$33.99 PROPER TWELVE 750ML
$31.99 JAGERMEISTER 750ML
$28.99 FIREBALL 1.14L
$27.99 JOHNNIE WALKER RED LABEL 750ML
$25.99 TANQUERAY 750ML
$9.79 JACOBS CREEK MOSCATO 750ML
$9.49 BODACIOUS SMOOTH RED 750ML
$25.99 CAPTAIN MORGAN SPICED 750ML
$24.99 DEWARS 750ML
BELOW Government Store Prices!
$20.79 JOSE CUERVO LIME 1.75L
$20.99 POLAR ICE VODKA 750ML
$37.99 NAKED GRAPE PINOT GRIGIO 4L
$17.99 19 CRIMES CALI RED 750ML
PRICE BEAT GUARANTEE
$13.99 YELLOW TAIL PINK BUBBLES 750ML
$11.99 GATO NEGRO SAUV BLANC 1.5L
$11.49 YELLOW TAIL CAB SAUV MERLOT 750ML
$16.49 SAINTLY SAUV BLANC 750ML
$8.79 PELLER ESTATES CAB SAUV 750ML
$9.49 BAREFOOT MOSCATO 750ML
$8.79 SAWMILL CREEK CHARDONNAY 750ML
SHOP & SAVE Rewards Program See In-Store for details
$52.99 BUDWEISER 36 CANS
$37.99 BUD LIGHT 24 CANS
$36.99 STELLA ARTOIS 18 BOTTLES
$35.99 LUCKY LAGER 24 CANS
$32.99 KOKANEE 24 CANS
$30.99 MOLSON CANADIAN 24 CANS
$26.49 MICHELOB ULTRA 15 CANS
$25.99 COORS ORIGINAL 15 CANS
$24.99 CORONA 12 CANS
$21.99 SLEEMANS ORIGINAL 15 CANS
$21.49 SLEEMANS HONEY BROWN 12 BOTTLES
$20.99 MILLER HIGH LIFE 15 CANS
$20.99 OKANAGAN SPRING PALE ALE 12 CANS
$19.99 SLEEMANS CLEAR 12 CAN MIXER
$19.79 RED TRUCK 12 CAN MIXER
$24.99 MUDDLERS MOSCOW MULE 12 CAN MIXER
$24.79 DILLONS GIN 12 CAN MIX
$23.99 PYUR VODKA SODA 12 CAN MIX
$23.99 NUTRL 12 CAN MIX
$21.99 HEY'YALL ORIGINAL 12 CANS
$22.49 TWISTED TEA ORIGINAL PARTY PACK 12 CANS
$12.49 WHITE CLAW WATERMELON RASPBERRY 6 CANS
$8.99 OKANAGAN PEAR GLACIER BERRY PEACH 2L
$12.49 NUDE FRUIT SPLASH STRAWBERRY KIWI 6 CANS
8473 - 120 Street, Delta
604.592.2599
14357 - 104 Ave, Surrey
778.293.1964
LiquorDiscounter.ca
follow us on facebook
Prices exclude tax and deposits and are subject to change without notice.

ਪਾਬਲਾ ਪੰਜਾਬੀ ਪੈਲੇਸ ਨੇ ਹੁਣ ਆਪਣੀ ਦੂਸਰੀ ਲੌਕੇਸ਼ਨ
ਫੈਡਰਲ ਵੇਅ ਤੇ ਹਿਲਸਾਈਡ ਪਲਾਜ਼ਾ ਵਿਚ ਖੋਲ ਦਿੱਤੀ ਹੈ

# PABLA PUNJABI PALACE

## 2nd Location Now Open in Federal Way, WA

2020 S 314th St, Federal Way, WA 98003
(Hillside Plaza) Seating for 1200 people

ਹੁਣ ਤੁਸੀਂ ਇਸ ਲੋਕੇਸ਼ਨ ਤੋਂ
ਇੰਡੀਅਨ ਗ੍ਰੌਸਰੀ ਅਤੇ ਮਿਠਾਈਆਂ ਵੀ ਲੈ ਸਕਦੇ ਹੋ


ਸਿਰਫ
ਟੇਕ ਆਊਟ

















*Specials:* Take out 7 Days a week
DJ, Dance Floor, Catering for All Occasions, Big TV Screens & Family Atmosphere

• Marriage Parties • Birthday Parties • Mehndi Parties
• Business Meetings • Any Kind Of Functions

For booking your event Please call Jas pabla At
Ph: 206-769-5559 Email: pablajas@yahoo.com



# AKAL TRAVEL

ਅਮਰੀਕਾ ਦੇ ਕਿਸੇ ਵੀ ਸ਼ਹਿਰ ਤੋਂ
ਵਧੀਆ ਫਲਾਈਟਾਂ, ਵਧੀਆ ਸੇਵਾਵਾਂ ਅਤੇ
ਘੱਟ ਕਿਰਾਏ ਲਈ ਸੰਪਰਕ ਕਰੋ



We Represent All Major Airline

We Will Beat Or Match Any Price

**Seattle to Delhi : $785**

We Issue The Ticket From India Also

**Delhi Bombay Special**
**Ask For Detail**

WE ALSO DO : * NOTARY * VISA
* PASSPORT * TRANSLATION

**PHONE : 253-852-1984, 253-852-1985**

24 HOUR EMERGENCY SERVICE
**206-370-9480**

TOLL FREE :
**1-800-828-8543**

EMAIL : FLY@AKALTRAVEL.COM
HOURS : MON TO SAT 9AM TO 7PM AND SUN 1PMTO 6PM



ਬੀ.ਸੀ. ਵਿੱਚ ਕੋਵਿਡ-19




# ਬੂਸਟਰ ਟੀਕੇ ਸਾਨੂੰ ਸੁਰੱਖਿਆ ਪ੍ਰਦਾਨ ਕਰਦੇ ਹਨ।

ਬੂਸਟਰ ਟੀਕੇ ਤੁਹਾਡੀ ਇਮਿਊਨਟੀ ਨੂੰ ਬਿਹਤਰ ਕਰਨ ਅਤੇ ਗੰਭੀਰ ਬੀਮਾਰੀ ਤੋਂ ਬਚਾਅ ਵਿੱਚ ਮਦਦ ਕਰਨ ਦਾ ਸਭ ਤੋਂ ਅਸਰਦਾਰ ਤਰੀਕਾ ਹਨ – ਭਾਵੇਂ ਤੁਹਾਨੂੰ ਪਹਿਲਾਂ ਕੋਵਿਡ-19 ਹੋ ਚੁੱਕਿਆ ਹੈ। ਕਿਰਪਾ ਕਰਕੇ ਆਪਣੀ ਅਤੇ ਦੂਜਿਆਂ ਦੀ ਸੁਰੱਖਿਆ ਵਿੱਚ ਮਦਦ ਲਈ ਆਪਣਾ ਹਿੱਸਾ ਪਾਓ। ਅੱਜ ਹੀ ਆਪਣਾ ਬੂਸਟਰ ਟੀਕਾ ਬੁੱਕ ਕਰੋ।

gov.bc.ca/boosters-PUN

BRITISH COLUMBIA



KARAM BATTH IN ASSOCIATION WITH SLAY RECORDS PRESENTS
PADMA SHRI
KAUR SINGH
ਪਦਮ ਸ਼੍ਰੀ ਕੌਰ ਸਿੰਘ
WRITTEN AND DIRECTED BY VIKRAM PRADHAN
PRODUCED BY KARAM BATTH & VICKY MANN
CO-PRODUCED BY GURLOVE SINGH RATOL & KANWARNIHAL SINGH GILL
CO-PRODUCED BY JIA THAKKAR
MUSIC DIRECTOR JATINDER SHAH LYRICS RAJ KAKRA
INTRODUCING KARAM BATTH CAST PRABH GREWAL, RAJ KAKRA, BANINDER BUNNY, MALKEET RAUNI, SEEMA KAUSHAL, GURPREET BHANGU, SUKHI CHAHAL, SUKHBIR GILL, GURJEET SINGH CHANNI STORY, SCREENPLAY VIKRAM PRADHAN
DIALOGUES JAGDEEP SINGH WARRING DOP YUVRAJ INDORIA ASSOCIATE WRITER & DIRECTOR JIA THAKKAR EXECUTIVE PRODUCER SUKHBIR GILL
MUSIC ON TIPS PUNJABI
IN CINEMAS 22 JULY 2022
OMJEE STAR
PUNJABI

ਵਿਆਹ ਸ਼ਾਦੀ, ਐਨੀਵਰਸਰੀ ਅਤੇ ਜਨਮ ਦਿਨ
ਦੀਆਂ ਪਾਰਟੀਆਂ ਨੂੰ ਚਾਰ ਚੰਨ ਲਾਉਣ ਲਈ



ਜਗਰੂਪ ਢਿੱਲੋਂ
ਐਂਡ ਪਾਰਟੀ
ਨਾਲ ਸੰਪਰਕ ਕਰੋ

ਅਸੀਂ ਲੇਡੀਜ਼ ਸੰਗੀਤ, ਸੁਹਾਗ, ਜਾਗੋ, ਬੋਲੀਆਂ, ਘੋੜੀਆਂ, ਲੋਕ ਗੀਤਾਂ ਵਿੱਚ ਮਾਹਿਰ ਹਾਂ। ਤੁਹਾਡੀ ਪਾਰਟੀ ਯਾਦਗਾਰੀ ਬਣ ਜਾਵੇਗੀ

ਜਗਰੂਪ ਢਿੱਲੋਂ ਨੂੰ ਸੰਪਰਕ ਕਰੋ:
604.401.9335
604.379.9572
778.593.9335



ਪੰਜਾਬ ਦੀ ਤੁਹਾਡੀ ਜ਼ਮੀਨ ਨਾਲ ਜੁੜਿਆ ਕੋਈ ਵੀ ਕੰਮ ਜਾਂ ਮਸਲਾ ਹੋਵੇ
ਸਾਬਕਾ ਸੀਨੀਅਰ ਅਧਿਕਾਰੀ ਅਤੇ ਪੰਜਾਬ ਰੈਵੇਨਿਊ ਦੇ ਮਾਹਿਰ
ਸ. ਹਰਚਰਨ ਸਿੰਘ ਸੰਧੂ ਪੀ ਸੀ ਐੱਸ (ਰਿਟਾ:)
ਨੂੰ ਫੋਨ ਕਰੋ: 604-518-3637
ਜਾਂ ਈਮੇਲ ਕਰੋ hssandhupcs@gmail.com



FOR ALL YOUR DENTAL NEEDS
In Cloverdale & South Surrey



Dr. Inderpreet Sandhu
BDS, DDS

CLOVERDALE VILLAGE
DENTAL

Services Provided

- Dental Exams/X-rays
- Dental Fillings
- Extractions/Oral Surgery
- Teeth Whitening
- Cleaning & Polishing
- Crowns & Bridges
- Dentures & Mouth Guards
- Root Canal Treatment

A House of Family Dentistry
5635 - 176A Street, Surrey, BC
(across the street from Cloverdale Library)
Cloverdalevillagedental@gmail.com
604-579-0102



HARVY JAWANDA
PERSONAL REAL ESTATE CORPORATION
604.655.7776
RE/MAX BLUEPRINT REALTY
YOUR SURREY REALTOR®
YOURSURREYREALTOR.COM

ਆਪਣੀ ਪ੍ਰਾਪਰਟੀ ਦਾ ਵਧੀਆ ਰੇਟ ਲੈਣ ਲਈ ਜਾਂ ਫਿਰ ਆਪਣੀ ਮਨਪਸੰਦ ਦੀ ਪ੍ਰਾਪਰਟੀ ਖਰੀਦਣ ਲਈ ਯਾਦ ਰੱਖੋ ਤੁਹਾਡਾ ਆਪਣਾ ਭਰੋਸੇਯੋਗ ਰੀਐਲਟਰ ਹਾਰਵੀ ਜਵੰਦਾ:604-655-7776



GUARANTEED SOLD!! Call us today to get started.

Terms and conditions applicable for 'Guaranteed Sold' offer. This advertisement is not intended to breach any pre-existing agency relationship.

Qualicare




# ਸਰੀ/ਡੈਲਟਾ/ਵਾਈਟ ਰੌਕ 'ਚ ਹੋਮ ਨਰਸਿੰਗ ਕੇਅਰ ਸੇਵਾਵਾਂ ਉਪਲਬਧ

ਸਰੀ ਵਿੱਚ ਹੋਮ ਕੇਅਰ (ਨਰਸਿੰਗ) ਸੇਵਾਵਾਂ ਸਬੰਧੀ ਨਵੀਂ ਕੰਪਨੀ 'ਕੁਆਲੀ ਕੇਅਰ ਹੋਮ ਕੇਅਰ ਸਰਵਿਸਿਜ' ਨੇ ਸਰੀ, ਡੈਲਟਾ ਅਤੇ ਵਾਈਟ ਰੌਕ ਦੇ ਵਸਨੀਕਾਂ ਲਈ ਆਪਣੀਆਂ ਸੇਵਾਵਾਂ 18 ਅਪ੍ਰੈਲ ਤੋਂ ਸ਼ੁਰੂ ਕਰ ਦਿੱਤੀਆਂ ਹਨ। ਕੰਪਨੀ ਦੀ ਪ੍ਰਮੁੱਖ ਸ਼ੈਲੀ ਪਟੇਲ ਜਿਨ੍ਹਾਂ ਨੂੰ ਹੈਲਥ ਕੇਅਰ ਸੈਕਟਰ ਵਿੱਚ ਲੰਬਾ ਤਜ਼ਰਬਾ ਹੈ ਨੇ ਦੱਸਿਆ ਕਿ ਦੁਰਘਟਨਾ ਤੋਂ ਬਾਅਦ ਹਸਪਤਾਲ ਵਿੱਚੋਂ ਛੁੱਟੀ ਮਿਲ ਜਾਣ ਉਪਰੰਤ ਵੀ ਤੰਦਰੁਸਤ ਹੋਣ ਤੱਕ ਦੇ ਸਮੇਂ, ਬਿਮਾਰ ਵਿਅਕਤੀਆਂ, ਅਲਜ਼ਾਈਮਰ ਅਤੇ ਹੋਰ ਗੰਭੀਰ ਰੋਗਾਂ ਦੇ ਮਰੀਜ਼ਾਂ ਲਈ ਅਤੇ ਬਜ਼ੁਰਗ ਜਿਨ੍ਹਾਂ ਨੂੰ ਘਰ ਵਿੱਚ ਹੀ ਨਰਸਿੰਗ ਅਤੇ ਸੇਵਾ ਸੰਭਾਲ ਦੀ ਲੋੜ ਹੈ, ਨੂੰ ਵਿਸ਼ਵ ਪੱਧਰੀ ਕੁਆਲਟੀ, ਵਾਜ਼ਿਬ ਰੇਟ ਅਤੇ 24/7 ਸੇਵਾਵਾਂ ਪ੍ਰਦਾਨ ਕੀਤੀਆਂ ਜਾਣਗੀਆਂ।

**Caring for a loved one with Alzheimer's or dementia can feel all-consuming. Whether you're providing that care on your own or concerned about someone else who is, we understand how hard it is to know when the time is right to invite in outside help. Truth is your loved one ought to be in the care of compassionate, competent hands, but with diseases as relentless as Alzheimer's and dementia, it's not sustainable for those hands to be yours alone. Caregivers need respite to avoid burnout. At Qualicare, we come alongside you with holistic home care solutions, designed to help slow the progression of Alzheimer's and dementia while keeping your loved one calm and healthy. Under the guidance of a local Care Expert who is experienced in brain-health management, we'll collaborate with your family to develop and execute a plan that promises: CALMING CARE From studying your loved one's favor.**

**From the very first phone call we'll help your clients get the right care at the right time. Our Care Experts are always available so call 1 888 591 0017 or visit qualicare.com to get started.**

## CALMING CARE

From studying your loved one's favorite foods to understanding each quirk, our team will know what makes your loved one tick and offer a compassionate response that keeps the environment calm and controlled. Since Alzheimer's and dementia are progressive, the earlier we can help the more impact we can make.

## RELIABLE CAREGIVERS

It won't take long for our care team to feel like family. And, since your loved one may be particularly sensitive to new faces, we take intentional measures to keep the team consistent. It's the same reason we want to help you keep your loved one at home, in a familiar environment.

## BRAIN-HEALTHY ACTIVITIES

Our caregivers are trained and equipped with tools and activities that can slow the progression of Alzheimer's and dementia, and they build these into the day as often as they can. We'll offer helpful tips on things your family can experiment with, too.

**ਸੇਵਾਵਾਂ ਦੇ ਵਿਸਥਾਰ ਅਤੇ ਰਜਿਸਟਰੇਸ਼ਨ ਲਈ ਸੰਪਰਕ ਕਰੋ:ਸ਼ੈਲੀ ਪਟੇਲ**

**778-735-2474 ਜਾਂ 604-782-5605**

**For more information on Qualicare of Delta, Surrey and White Rock, please visit https://www.qualicare.com/deltasurrey/ or call 778-735-2474/604-782-5605**





# TOOR LANDSCAPING & FENCE

RESIDENTIAL & COMMERCIAL

- ਅਸੀਂ ਨਵੇਂ ਅਤੇ ਪੁਰਾਣੇ ਘਰਾਂ ਵਿੱਚ ਫੈਂਸ ਲਾਉਣ ਦਾ ਕੰਮ ਕਰਦੇ ਹਾਂ।
- ਅਸੀਂ ਤੁਹਾਡੀ ਨਵੀਂ ਫੈਂਸ ਲਾ ਕੇ ਪੁਰਾਣੀਂ ਚੁੱਕ ਕੇ ਲੈ ਜਾਂਦੇ ਹਾਂ।
- ਕੰਮ ਦੀ ਪੂਰੀ ਪੂਰੀ ਗਰੰਟੀ ਹੈ।
- ਸਾਡੇ ਰੇਟ ਬਹੁਤ ਹੀ ਵਾਜ਼ਬ ਹਨ।



ਅਸੀਂ ਸਪੈਸ਼ਲ ਰੇਟਾਂ ਤੇ ਫੈਂਸ ਲਾਉਂਦੇ ਹਾਂ ਅਸੀਂ ਲੋਹੇ ਦੀ ਫੈਂਸ ਵੀ ਲਾਉਂਦੇ ਹਾਂ

ਹੋਰ ਜਾਣਕਾਰੀ ਲਈ ਜਗਤਾਰ ਨੂੰ ਫੋਨ ਕਰੋ ਅਸੀਂ ਮਸ਼ਰੂਮ ਦਾ ਢੇਰ ਡਿਲੀਵਰ ਕਰਦੇ ਹਾਂ ਅਤੇ ਪਾ ਕੇ ਵੀ ਜਾਂਦੇ ਹਾਂ।

604-729-3225

ਅਸੀਂ ਸਨ ਡੈੱਕ ਦੇ ਸਟੈਪ ਵੀ ਬਣਾਉਂਦੇ ਹਾਂ।
ਅਸੀਂ ਕਾਂਵਾਂ ਦਾ ਪੁੱਟਿਆ ਹੋਇਆ ਘਾਹ ਵੀ ਫਿਕਸ ਕਰਦੇ ਹਾਂ

# iFix WALL & CEILING LTD.

- TAPPING & FINISHING
- TEXTURED CEILINGS
- KITCHEN-BATHROOM
- BOARDING
- STEEL STUD
- PAINTING-PLUMBING

ਪੁਰਾਣੇ ਘਰਾਂ ਅਤੇ ਕਮਰਸ਼ਿਅਲ ਬਿਲਡਿੰਗਾਂ ਦੀ ਮੁਕੰਮਲ ਰੇਨੋਵੇਸ਼ਨ ਦਾ ਕੰਮ ਬਹੁਤ ਹੀ ਵਾਜਬ ਰੇਟਾਂ ਅਤੇ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੇਂਟਿੰਗ, ਪਲਬਿੰਗ, ਕਿਚਨ, ਵਾਸ਼ ਰੂਮ ਅਤੇ ਇਲੈਕਟ੍ਰੀਕਲ ਰਿਪੇਅਰ ਆਦਿ ਦੇ ਕੰਮਾਂ ਵਿਚ ਮਾਹਿਰ।

ਟੇਪਰਾਂ ਦੀ ਤੁਰੰਤ ਲੋੜ ਹੈ

ਪੂਰੇ ਲੋਅਰ ਮੇਨਲੈਂਡ ਵਿਚ ਸਰਵਿਸ ਕਰਦੇ ਹਾਂ

FOR BEST DEAL CALL : HARINDER SINGH DHALIWAL

604.760.1732, 604.442-1571

# ਸੰਦਲ ਰੈਨੋਵੇਸ਼ਨ

Your's Complete Home Renovation

- ਫਰੇਮਿੰਗ
- ਡਰਾਈਵਾਲ
- ਪੇਂਟਿੰਗ
- ਟਾਈਲਜ਼
- ਲੈਮੀਨੇਟ
- ਇਲੈਕਟ੍ਰੀਕਲ
- ਪਲਬਿੰਗ
- ਕਾਰਪੈਟ
- ਰੂਫਿੰਗ ਦਾ ਕੰਮ
- ਸਨਡੈਕ ਦੀ ਰਿਪੇਅਰ

ਮੁਫਤ ਐਸਟੀਮੇਟ ਲਈ ਸੰਪਰਕ ਕਰੋ

ਭਿੰਦਰ : 604-725-6270

# KING 73 RENO LTD.

We Do All Kind Of Renovation

* ਫਰੇਮਿੰਗ * ਡਰਾਈਵਾਲ * ਪੇਂਟਿੰਗ * ਟਾਈਲਾਂ
* ਸਨਡੈੱਕ ਦੀ ਰਿਪੇਅਰ * ਲੈਮੀਨੇਟ * ਵਾਸ਼ਰੂਮ
* ਕਿਚਨ * ਐਕਸਟਰਾ ਰੂਮ ਐਡੀਸ਼ਨ
* ਇਲੈਕਟ੍ਰੀਕਲ * ਪਲੰਬਿੰਗ * ਰੂਫਿੰਗ ਦਾ ਕੰਮ

ਅਸੀਂ ਸਨਡੈੱਕ ਅਤੇ ਪੌੜੀਆਂ ਵੀ ਰਿਪੇਅਰ ਕਰਦੇ ਹਾਂ



ਵੱਡੀ ਜਾਂ ਛੋਟੀ ਜੌਬ, ਹਰ ਪ੍ਰਕਾਰ ਦੀ ਰੈਨੋਵੇਸ਼ਨ ਫਰੀ ਐਸਟੀਮੇਟ ਵਾਸਤੇ 17 ਸਾਲਾਂ ਦੇ ਤਜਰਬੇਕਾਰ ਗੁਰਦੀਪ ਸਿੰਘ ਨਾਲ ਸੰਪਰਕ ਕਰੋ :

FREE ESTIMATES

KING 73 RENO LTD. ਵਾਲਿਆਂ ਨੂੰ ਵਰਕਰਾਂ ਦੀ ਲੋੜ ਹੈ।ਕੰਮ ਹਫਤੇ ਵਿਚ 6 ਦਿਨ ਚੱਲੇਗਾ।ਤਨਖਾਹ ਤਜਰਬੇ ਅਨੁਸਾਰ ਦਿੱਤੀ ਜਾਵੇਗੀ।ਹੋਰ ਜਾਣਕਾਰੀ ਲਈ ਸੰਪਰਕ ਕਰੋ

Gurdeep S. Gill 778.896.4555

king73renoltd@gmail.com www.king73reno.com


# DAWN RENOVATION

ਹਰ ਤਰ੍ਹਾਂ ਦੀ ਰੂਫਿੰਗ ਦਾ ਕੰਮ ਵੀ ਕੀਤਾ ਜਾਂਦਾ ਹੈ

Certified Electrician, Builder, Construction & Development

Commercial & Residential

ਬੇਸਮੈਂਟ ਰੈਨੋਵੇਸ਼ਨ * ਵਾਸ਼ਰੂਮ * ਕਿਚਨ ਅਤੇ ਸਨਡੈਕ * ਪਲਬਿੰਗ / ਹੀਟਿੰਗ * ਪੇਂਟਿੰਗ* ਹਰ ਤਰ੍ਹਾਂ ਦੀ ਬਿਜਲੀ ਦਾ ਕੰਮ।



ਨਵੇਂ ਅਤੇ ਪੁਰਾਣੇ ਘਰਾਂ ਦੀ ਰੈਨੋਵੇਸ਼ਨ ਦੇ ਮਾਹਿਰ ਦਲਜੀਤ ਸਿੰਘ ਧਾਮੀ ਜਾਂ ਇੰਦਰਜੀਤ ਸਿੰਘ ਨੂੰ ਮੁਫਤ ਐਸਟੀਮੇਟ ਲੈਣ ਲਈ ਫੋਨ ਕਰੋ

604-716-3534 / 778-881-0236

daljitsinghdhami@gmail.com

ਅਸੀਂ ਪੂਰੇ ਘਰ ਦੀ ਰੈਨੋਵੇਸ਼ਨ ਸਮੇਤ ਪਲਬਿੰਗ, ਹੀਟਿੰਗ, ਇਲੈਕਟ੍ਰੀਕਲ ਆਦਿ ਬਹੁਤ ਵਾਜਿਬ ਕੀਮਤਾਂ 'ਤੇ ਕਰਦੇ ਹਾਂ

# ਲੱਖੀ ਰੈਨੋਵੇਸ਼ਨ

- ਵਾਸ਼ਰੂਮ ਅਤੇ ਕਿਚਨ ਦੀ ਰੈਨੋਵੇਸ਼ਨ
- ਬੇਸਮੈਂਟ ਦੀ ਰੈਨੋਵੇਸ਼ਨ
- ਡੋਰ ਐਂਡ ਮੋਲਡਿੰਗ
- ਵਲੈਮੀਨੇਟ ਫਲੋਰਿੰਗ ਅਤੇ ਬੇਸਬੋਰਡ
- ਫਲੋਰ ਅਤੇ ਵਾਲ ਟਾਈਲਜ਼
- ਪੁਰਾਣਾ ਅਤੇ ਨਵਾਂ ਪੁਰਾਣਾ ਸਨਡੈਕ
- ਘਰ ਨੂੰ ਵਧਾਉਣਾ
- ਪੇਂਟਿੰਗ
- ਕਾਰਪੇਂਟਰੀ
- ਪੌੜੀਆਂ
- ਫਿਨਸ਼ਿੰਗ
- ਫਰੇਮਿੰਗ



15 ਸਾਲਾ ਦਾ ਤਜ਼ਰਬਾ

ਹੋਰ ਜਾਣਕਾਰੀ ਲਈ ਫੋਨ ਕਰੋ :

ਪੂਰਾ ਕੰਮ ਸਮੇਂ ਅਤੇ ਵਾਜਿਬ ਰੇਟ 'ਤੇ ਗਰੰਟੀ ਨਾਲ ਕਰਦੇ ਹਾਂ

ਅਸੀਂ ਤਸੱਲੀਬਖਸ਼ ਕੰਮ ਕਰਦੇ ਹਾਂ

ਲੱਖਵਿੰਦਰ ਸੈਂਹਬੀ : 604-621-0206

lakhwindersembhi@yahoo.ca

# BT LINE PAINTING CO.

ਟੋਪਲਾਈਨ ਪੇਂਟਿੰਗ ਅਸੀਂ ਸਨਡੈਕ ਵੀ ਬਣਾਉਂਦੇ ਹਾਂ

SPECIALIZING IN:

Spray & Roller Panting * Interior & Exterior * Pressure Washing*

ਅਸੀਂ ਰੀ-ਰੂਫੀਂਗ, ਫਰੇਮਿੰਗ ਅਤੇ ਡਰਾਈਵਾਲ ਦਾ ਕੰਮ ਵੀ ਕਰਦੇ ਹਾਂ।

ਹਰ ਕਿਸਮ ਦੀ ਰੈਨੋਵੇਸ਼ਨ, ਵਾਸ਼ਰੂਮ, ਹਾਰਡਵੁਡ ਫਲੋਰਿੰਗ, ਬੇਸਮੈਂਟ, ਟਾਈਲਾਂ ਆਦਿ

ਕਮਰਸ਼ੀਅਲ ਐਂਡ ਰੈਜ਼ੀਡੈਂਸ਼ੀਅਲ * ਕੁਆਲਟੀ ਵਰਕ * ਵਾਜਬ ਰੇਟ

For FREE estimates call Mr. Kulwant Singh Boyal

Cell: 604-340-7497 Res: 604-543-8064

# Up-To-Date Finishing

ਅਸੀਂ ਪੁਰਾਣੇ ਘਰਾਂ ਦੀ ਹਰ ਤਰ੍ਹਾਂ ਦੀ ਰੈਨੋਵੇਸ਼ਨ ਕਰਦੇ ਹਾਂ

We are specialized in Custom Wood Working:

Residential & Commercial Renovations

- Doors
- Mouldings
- Fire Place
- Base Board
- Hardy Plank
- Wood Floor




Sanjeev Dhir 778.320.9413

sanjeevkumarsk52@gmail.com

# HOME IMPROVEMENT


## A-CLASS Appliance Rep.

*Stove *Fridges
*Washer *Dryers
*Dishwasher *Freezer
*Garburator *Hot Water Tank
*Hot Water Heating Furnace



GURJIT
CERTIFIED TECHNICIAN
(24Hrs)

Off: 604-543-6239
#103-12465-82Ave Surrey, BC

## A-CLASS Electric Ltd.

*House *Commercial *Industrial *Renovation
*Town Houses Wiring *Build-In Vaccum
*Security System & Monitoring
*Intercom's Video Monitored Intercom

FREE ESTIMATES

Cell: 604-351-2538
Tel:604-596-5474



CLASS "A" CERTIFIED & LICENCED ELECTRICIANS
MANJIT

## SINGH RAJ
RENOVATION CO.



We noticed your house needs minor repair
Unsure ofyourhousehold fixtures?
Just to replace or repair? Get it Done Today!
We guaranteed Singh Raj Renovation is the smartest choice for household small jobs

*Residential Wooden Stairs Jobs
*Residential Doors & Lock Jobs
*Painting & Cleaning Jobs
*Wooden Cabinets Repair & Paint
*Minor Electrical Trouble Shooting & Replacement of Lights, Washroom fans, Range hoods
*Touble Shooting in Plumbing *Replacement of Tiles, Taps, Faucets.

SPECIALISTS IN
Maintain+Repair & New Installation
Reasonable Rates
20Yrs Exprienced

Call Raj: 778-229-9261

## Ambrosia Renovation

Your's Complete Home Renovation

* ਫਰੇਮਿੰਗ
* ਡਰਾਈਵਾਲ
* ਪੇਂਟਿੰਗ
* ਟਾਈਲਜ਼
* ਲੈਮੀਨੇਟ
* ਇਲੈਕਟ੍ਰੀਕਲ
* ਪਲੰਬਿੰਗ
* ਕਾਰਪੈਟ
* ਰੂਫਿੰਗ ਦਾ ਕੰਮ
* ਸਨਡੈਕ ਦੀ ਰਿਪੇਅਰ

Sunny : 778-951-1699

## J&J FRESH LOOK HOMES LTD.




We Built Custom Homes

- New Residential
- Commercial Const.
- Licensed
- Bonded
- Framing
- Roof Trusses
- Floor Trusses
- Other Services

J&J FRAMING LTD
CONSTRUCTION TEAM



WORKERS WANTED
ਕਾਮਿਆਂ ਦੀ ਲੋੜ ਹੈ

Jarnail Singh Maan:
604.832.9308
maanjarnail@gmail.com
3412 Nightingale Dr., Abbotsford BC V2T 5W3

## HARI RENOVATIONS

ਪੁਰਾਣੇ ਘਰਾਂ ਅਤੇ ਕਮਰਸ਼ਿਅਲ ਬਿਲਡਿੰਗਾਂ ਦੀ ਮੁਕੰਮਲ ਰੇਨੋਵੇਸ਼ਨ ਦਾ ਕੰਮ ਬਹੁਤ ਹੀ ਵਾਜਬ ਰੇਟਾਂ ਅਤੇ ਤਸੱਲੀਬਖਸ਼ ਕੀਤਾ ਜਾਂਦਾ ਹੈ। ਫਰੇਮਿੰਗ, ਡਰਾਈਵਾਲ, ਪੇਟਿੰਗ, ਟਾਇਲਜ਼, ਲੈਮੀਨੇਟ, ਇਲਕਟ੍ਰੀਕਲ ਪਲਬਿੰਗ ਅਤੇ ਫੈਨਸਿੰਗ ਦੇ ਕੰਮਾਂ ਵਿਚ ਮਾਹਿਰ।

ਸਮੇਂ ਸਿਰ ਭਰੋਸੇਯੋਗ ਕੰਮ ਕੀਤਾ ਜਾਂਦਾ ਹੈ

Residential & Commerical
Free Estimate
ਬ੍ਰੈਂਡ ਨਿਊ ਬੇਸਮੈਂਟ ਅਤੇ ਪੂਰੇ ਪੁਰਾਣੇ ਘਰ ਦੀ ਰੇਨੋਵੇਸ਼ਨ ਦੇ ਮਾਹਿਰ

ਪੂਰੇ ਲੋਅਰਮੇਨ ਲੈਂਡ ਵਿਚ ਸਰਵਿਸ ਕਰਦੇ ਹਾਂ

Paul 778-823-1056

ਕੰਮ ਲਈ ਵਰਕਰਾਂ ਦੀ ਤੁਰੰਤ ਲੋੜ ਹੈ

H0502

## ਸ਼ਹੀਦੀ ਦਿਹਾੜਾ ਤੇ ਵਿਸ਼ੇਸ਼:12 ਜੁਲਾਈ, 1988

# ਕੌਮੀ ਜਰਨੈਲ ਸ਼ਹੀਦ ਜਨਰਲ ਲਾਭ ਸਿੰਘ ਜੀ ਪੰਜਵੜ

ਕੌਮੀ ਘਰ ਖਾਲਿਸਤਾਨ ਦੀ ਪ੍ਰਾਪਤੀ ਲਈ ਪੰਜਾਬ ਦੀ ਧਰਤੀ ਤੇ ਹਿੰਦੂਸਤਾਨ ਹਕੂਮਤ ਦੀ ਈਨ ਨਾ ਮੰਨਦੇ ਹੋਏ ਸਿੱਖ ਨੌਜਵਾਨੀ ਨੇ ਸੰਤ ਬਾਬਾ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਵਲੋਂ ਆਰੰਭੇ ਧਰਮ ਯੁੱਧ ਮੋਰਚੇ ਵਿੱਚ ਵੱਡੀ ਗਿਣਤੀ ਚ ਭਾਗ ਲਿਆ। ਜਦੋਂ ਅਸੀਂ ਖਾੜਕੂ ਲਹਿਰ ਬਾਰੇ ਪੜਦੇ ਜਾ ਸੁਣਦੇ ਹਾਂ ਤਾਂ ਇੱਕ ਗੱਲ ਵੇਖਣ ਨੂੰ ਮਿਲਦੀ ਹੈ ਕਿ ਸਿੱਖ ਨੌਜਵਾਨਾਂ ਦੇ ਮਨਾਂ ਤੇ ਦੋ ਸਾਕਿਆਂ ਨੇ ਬਹੁਤ ਡੂੰਘਾ ਪ੍ਰਭਾਵ ਪਾਇਆ। ਇੱਕ 1978"ਦੇ ਨਿਰੰਕਾਰੀ ਕਾਂਡ ਨੇ ਅਤੇ ਦੂਜਾ ਜੂਨ 1984 ਦੇ ਘੱਲੂਘਾਰੇ ਨੇ ਇਹਨਾਂ ਕਾਰਨਾਂ ਕਰਕੇ ਹੀ ਸਿੱਖ ਨੌਜਵਾਨੀ ਨੂੰ ਗਲੋਂ ਗੁਲਾਮੀ ਲਾਹੁਣ ਲਈ ਮੈਦਾਨੇ ਜੰਗ ਵਿੱਚ ਨਿਤਰਨਾ ਪਿਆ।

ਜਰਨੈਲ ਜਨਰਲ ਲਾਭ ਸਿੰਘ ਜੀ ਪੰਜਵੜ ਦਾ ਜਨਮ 11ਅਗਸਤ 1952 ਨੂੰ ਪਿਤਾ ਸਰਦਾਰ ਪੂਰਨ ਸਿੰਘ ਦੇ ਗ੍ਰਹਿ ਪਿੰਡ ਪੰਜਵੜ ਵਿਖੇ ਮਾਤਾ ਸਰਦਾਰਨੀ ਕੁਲਵੰਤ ਕੌਰ ਜੀ ਦੀ ਸੁਲਖਣੀ ਕੁੱਖੋਂ ਹੋਇਆ ਆਪ ਜੀ ਦੇ ਵੱਡੇ ਭਰਾ ਸਰਦਾਰ ਦਲਜੀਤ ਸਿੰਘ ਜੀ ਹਨ ਤੇ ਪਰਿਵਾਰ ਖੇਤੀ ਬਾੜੀ ਕਰਦਾ ਹੈ ।ਆਪ ਜੀ ਨੇ ਦਸਵੀਂ ਤੱਕ ਦੀ ਪੜਾਈ ਪਿੰਡ ਪੰਜਵੜ ਦੇ ਹਾਈ ਸਕੂਲ ਤੋਂ ਹੀ ਪ੍ਰਾਪਤ ਕੀਤੀ ਅਤੇ ਬਾਰਵੀਂ ਜਮਾਤ ਦੀ ਪੜਾਈ ਬਾਬਾ ਬੁੱਢਾ ਸਾਹਿਬ ਕਾਲਜ ਤੋ ਪਾਸ ਕੀਤੀ।ਆਪ ਜੀ ਕਬੱਡੀ ਇੱਕ ਚੰਗੇ ਖਿਡਾਰੀ ਸਨ ਸੰਨ 1971 ਵਿੱਚ ਆਪ ਜੀ ਪੰਜਾਬ ਪੁਲਿਸ ਵਿੱਚ ਭਰਤੀ ਹੋ ਗਏ।

ਸੰਨ 1978 ਦੇ ਨਿਰੰਕਾਰੀ ਕਾਂਡ ਨੇ ਆਪ ਜੀ ਦੇ ਮੰਨ ਤੇ ਬਹੁਤ ਪ੍ਰਭਾਵ ਪਾਇਆ ਤੇ ਆਪ ਜੀ ਸੰਤ ਬਾਬਾ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ ਵਿਚਾਰਧਾਰਾ ਵਲ ਖਿੱਚੇ ਗਏ ਤੇ ਆਪ ਜੀ ਨੇ ਪੁਲਿਸ ਨੌਕਰੀ ਕਰਦਿਆਂ ਹੀ ਅਨੇਕਾਂ ਪੰਥ ਦੋਖੀਆਂ ਨੂੰ ਗੱਡੀ ਚਾੜਿਆ ਤੇ 1982 ਵਿੱਚ ਨੌਕਰੀ ਛੱਡ ਆ ਗਏ ਅਤੇ ਸੰਤ ਬਾਬਾ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੇ ਜਥੇ ਵਿੱਚ ਪੂਰਨ ਤੋਰ ਜਾ ਰਲੇ ਅਤੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਸੰਤ ਨੇ ਆਪ ਜੀ ਦਾ ਨਾਮ ਭਾਈ ਲਾਭ ਸਿੰਘ ਰੱਖਿਆ ।ਆਪ ਜੀ ਨੇ ਭਾਈ ਸੁਰਿੰਦਰ ਸਿੰਘ ਜੀ ਸੋਢੀ ਭਾਈ ਮਨਬੀਰ ਸਿੰਘ ਜੀ ਚਹੇੜੂ ਭਾਈ ਮੇਜਰ ਸਿੰਘ ਜੀ ਨਾਗੋਕੇ ਅਤੇ ਭਾਈ ਮਥੁਰਾ ਸਿੰਘ ਜੀ ਦਾ ਸਾਥ ਮਾਨਣ ਦਾ ਸੁਭਾਗ ਪ੍ਰਾਪਤ ਹੋਇਆ।

ਜਨਰਲ ਲਾਭ ਸਿੰਘ ਜੀ ਪੰਜਵੜ ਜੀ ਦੁਆਰਾ ਕੀਤੇ ਗਏ ਐਕਸ਼ਨਾ ਵਿੱਚ ਡੀ ਆਈ ਜੀ ਅਟਵਾਲ ਕਤਲ ਕਾਂਡ, ਹਰਬੰਸ ਲਾਲ ਖੰਨਾ, ਲਾਲਾ ਜਗਤ ਨਰਾਇਣ ,ਉਸਦਾ ਦਾ ਮੁੰਡਾ ਜੱਗਬਾਣੀ ਦਾ ਐਡੀਟਰ ਰਮੇਸ਼ ਚੰਦਰ ਨੂੰ 12ਮਈ 1984 ਨੂੰ ਸੋਧਣਾ ਜੋ ਸਿੱਖਾਂ ਖਿਲਾਫ ਅਖਬਾਰ ਰਾਹੀਂ ਅੱਗ ਉਗਲਦਾ ਸੀ। ਹਾਈਜੈਕਰ ਸ਼ਹੀਦ ਮੁਸੀਬਤ ਸਿੰਘ ਦੇ ਕਾਤਲ ਗੁਰਬਚਨ ਸਿਹੁੰ ਡੀ ਐਸ ਪੀ ਦਾ ਸੋਧਾ ਮੁੱਖ ਮੰਨੇ ਜਾਂਦੇ ਹਨ ।ਜਿਸ ਵਿੱਚ ਉਹਨਾਂ ਦੇ ਦਿਲੇਰੀ ਸਿਰ ਚੜ ਬੋਲਦੀ ਸੀ ਇਸ ਕਰਕੇ ਹੀ ਸੰਤ ਬਾਬਾ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਵਲੋਂ ਹਮੇਸ਼ਾ ਸਾਡਾ ਲਾਭ ਸਿੰਘ ਕਹਿ ਕੇ ਪਿਆਰ ਦਿੱਤਾ ਜਾਂਦਾ ਸੀ।

ਮਾਰਚ 1986 ਚ ਜਦੋਂ ਆਪ ਜੀ ਅਤੇ ਭਾਈ ਗੁਰਿੰਦਰ ਸਿੰਘ ਜੀ ਭੋਲਾ ਤਰਨਤਾਰਨ, ਭਾਈ ਦਲਜੀਤ ਸਿੰਘ ਜੀ ਮਾਹਲਾ ਜਲੰਧ੍ਰ ਪੇਸ਼ੀ ਭੁਗਤਣ ਆਏ ਤਾਂ ਖਾੜਕੂ ਸਿੰਘਾਂ ਭਾਈ ਮਨਬੀਰ ਸਿੰਘ ਜੀ ਚਹੇੜੂ,ਭਾਈ ਜਰਨੈਲ ਸਿੰਘ ਜੀ ਹਲਵਾਰਾ ਨੇ ਸਾਥੀ ਸਿੰਘਾਂ ਸਮੇਤ ਹਮਲਾ ਕਰਕੇ ਛੁਡਾ ਲਿਆ। ਸਿੱਖ ਵਿਰੋਧੀ ਭਾਈ ਲਾਭ ਸਿੰਘ ਜੀ ਪੰਜਵੜ ਦਾ ਨਾਮ ਸੁਣ ਥਰ ਥਰ ਕੰਬਣ ਲਗ ਪਏ। ਜਦੋਂ ਭਾਈ ਮਨਬੀਰ ਸਿੰਘ ਜੀ ਚਹੇੜੂ ਉਰਫ ਜਨਰਲ ਹਰੀ ਸਿੰਘ ਜੀ ਨੂੰ ਪੁਲਿਸ ਨੇ ਗ੍ਰਿਫਤਾਰ ਲਿਆ ਤਾਂ ਬਾਬਾ ਠਾਕੁਰ ਸਿੰਘ ਜੀ ਦੀ ਸੁਲਾਹ ਉਤੇ ਜੁਝਾਰੂ ਸਿੰਘਾਂ ਨੇ ਸਰਬ ਸੰਮਤੀ ਨਾਲ ਭਾਈ ਲਾਭ ਸਿੰਘ ਜੀ ਨੂੰ ਖਾਲਿਸਤਾਨ ਕਮਾਂਡੋ ਫੋਰਸ ਦਾ ਜਰਨੈਲ ਥਾਪਿਆ।

ਮੈਨੂੰ ਸਾਡੇ ਜਰਨੈਲ ਪੰਜਵੜ ਸਾਹਿਬ ਦੀਆਂ ਉਹ ਸਾਰੀਆਂ ਕੀਤੀਆਂ ਕਾਰਵਾਈਆਂ ਪੜਕੇ ਬੜਾ ਮਾਣ ਮਹਿਸੂਸ ਹੁੰਦਾ ਹੈ ਕਿ ਉਹਨਾਂ ਦੇ ਕਹੇ ਬੋਲ ਬੜੇ ਸਿੱਧੇ ਤੇ ਸਪਸ਼ਟ ਜਿਹੇ ਸਨ ਕਿ 'ਜੋ ਕਹਿਤਾ ਵੋ ਪੱਥਰ ਤੇ ਲਕੀਰ ਹੈ 'ਬਸ ਸਭ ਤੋਂ ਵੱਡੀ ਗੱਲ ਉਹਨਾਂ ਨੇ ਆਪਣੇ ਜੁਝਾਰੂ ਜੀਵਨ ਦੌਰਾਨ ਕੋਈ ਵੀ ਗੱਦਾਰ ਜਾ ਟਾਉਟ ਬਖਸ਼ਿਆ ਨਹੀ।ਤੇ ਉਹ ਕਹੇ ਬੋਲ ਵੀ ਉਹਨਾਂ ਦੇ ਯਾਦ ਆਉਂਦੇ ਨੇ ਜੋ ਕਈ ਜੁਝਾਰੂ ਵੀਰਾਂ ਤੋ ਸੁਣੇ ਨੇ ਕਿ ਜਿਨ੍ਹਾਂ ਚਿਰ ਮੈਂ ਜਿਊਂਦਾ ਹੈ ਸੰਧੂ ਦੀ ਜੁਰਤ ਨਹੀਂ ਕਿ ਉਹ ਜੇਲ੍ਹ ਚੋਂ ਬਾਹਰ ਆ ਜਾਵੇ।

12 ਜੁਲਾਈ 1988 ਨੂੰ ਉਸ ਸਮੇਂ ਅਖਬਾਰਾਂ ਵਿੱਚ ਛਪਿਆ ਕਿ ਖਾਲਿਸਤਾਨ ਕਮਾਂਡੋ ਫੋਰਸ ਦਾ ਜਨਰਲ ਲਾਭ ਸਿੰਘ ਪੰਜਵੜ ਉਰਫ ਸੁੱਖਾ ਸਿਪਾਹੀ ਟਾਂਡਾ ਨੇੜੇ ਸੁਰੱਖਿਆ ਬਲਾਂ ਨਾਲ ਹੋਏ ਮੁਕਾਬਲੇ ਵਿੱਚ ਮਾਰਿਆ ਗਿਆ ਜੋ ਕਿ ਸਵਰਗੀ ਰਮੇਸ਼ ਚੰਦਰ ਦੇ ਕਤਲ ਅਤੇ ਪੰਜਾਬ ਪੁਲਿਸ ਦੇ ਡਾਇਰੈਕਟਰ ਜਨਰਲ ਪੁਲਿਸ ਜੀ ਐਫ ਰਿਬੈਰੋ ਤੇ ਪੀ ਏ ਪੀ ਕੰਮਪਲੈਕਸ ਵਿੱਚ ਹੋਏ ਹਮਲੇ ਵਿੱਚ ਲੋੜੀਂਦਾ ਸੀ।

ਪ੍ਰੈਸ ਕਾਨਫਰੰਸ ਕਰਦਿਆਂ ਕੇ ਪੀ ਐਸ ਗਿੱਲ ਨੇ ਦਸਿਆ ਕਿ ਜਨਰਲ ਲਾਭ ਸਿੰਘ ਪੰਜਵੜ ਉਰਫ ਸੁੱਖਾ ਸਿਪਾਹੀ ਦੀ ਮਿਰਤਕ ਦੇਹ ਦੀ ਪਛਾਣ ਉਸ ਦੀ ਪਤਨੀ ਦਵਿੰਦਰ ਕੌਰ ਅਤੇ ਸਾਲੇ ਰਾਜਿੰਦਰ ਸਿੰਘ ਨੇ ਕੀਤੀ ਹੈ। ਜਨਰਲ ਲਾਭ ਸਿੰਘ ਪੰਜਵੜ ਨੇ ਆਖਰੀ ਸਮੇਂ ਕਛਿਹਰਾ ਅਤੇ ਬਨੈਨ ਪਾਈ ਹੋਈ ਸੀ ਅਤੇ ਦਾੜੀ ਬੰਨੀ ਹੋਈ ਸੀ ਗਾਤਰੇ ਕਿਰਪਾਨ ਪਾਈ ਹੋਈ ਸੀ ਤੇ ਅੱਖਾਂ ਖੁਲੀਆਂ ਸਨ।ਗਿੱਲ ਨੇ ਇਹ ਵੀ ਦਸਿਆ ਕਿ ਜਨਰਲ ਲਾਭ ਸਿੰਘ ਪੰਜਵੜ ਕਈ ਵਾਰੀ ਪਾਕਿਸਤਾਨ ਵੀ ਗਿਆ ਸੀ ਜਿਸ ਦੀ ਪੁਸ਼ਟੀ ਉਸ ਕੋਲੋਂ ਮਿਲੀ ਡਾਇਰੀ ਤੋਂ ਹੋਈ ਹੈ ਜਿਸ ਵਿੱਚੋਂ ਕੁੱਝ ਅਖਬਾਰਾਂ ਅਤੇ ਏਜੰਸੀਆਂ ਦੇ ਟੈਲੀਫੋਨ ਨੰਬਰ ਮਿਲੇ ਹਨ।

ਆਪ ਜੀ ਦੇ ਸਪੁੱਤਰ ਭਾਈ ਰਾਜੇਸ਼ਵਰ ਸਿੰਘ ਨੇ ਦੱਸਿਆ ਕੀ ਜਦੋਂ ਮੇਰੇ ਮਾਤਾ ਜੀ ਮੇਰੇ ਪਿਤਾ ਭਾਈ ਜਨਰਲ ਲਾਭ ਸਿੰਘ ਪੰਜਵੜ ਨੂੰ ਜੋਧਪੁਰ ਜੇਲ੍ਹ ਅੰਦਰ ਮਿਲਣ ਗਏ ਤਾਂ ਦੇਖਿਆ ਕੀ ਉਨਾਂ ਨੂੰ ਤਾਂ ਰਸੀਆਂ ਬੰਨ ਕੇ ਪੁਠਾ ਲਮਕਾਇਆ ਪਿਆ ਤੇ ਸਰੀਰ ਤਸ਼ੱਦਦ ਦੀ ਗਵਾਹੀ ਭਰਦਾ ਸੀ ਤੇ ਹਰਮਿੰਦਰ ਸੰਧੂ ਤੇ ਵਿਰਸਾ ਵਲਟੋਹਾ ਉਥੇ ਚੀਨੀ ਦੇ ਭਾਂਡਿਆਂ ਚ ਕੌਫੀ ਪੀ ਰਹੇ ਸਨ।

ਇੱਕ ਗੱਲ ਹਮੇਸ਼ਾ ਦਿਮਾਗ ਅੰਦਰ ਆਉਂਦੀ ਹੈ ਤੇ ਜਿਸ ਦਾ ਜਵਾਬ ਇੱਕ ਦਿਨ ਸਮੇਂ ਨੇ ਹੀ ਦੇਣਾ ਕਿ ਇਹ ਝੁਠਲਾਇਆ ਤਾਂ ਨੀ ਜਾ ਸਕਦਾ ਜੋ ਕੁੱਝ ਵੀ ਸਾਡੇ ਨਾਲ ਹੋਇਆ ਜਾ ਅੱਜ ਦੀ ਤਰੀਕ ਚ ਹੋ ਰਿਹਾ ਹੈ। ਮੋਟਾ ਜਿਹਾ ਹੀ ਹਿਸਾਬ ਲਾ ਲਵੋ ਸੰਨ 78 ਤੋਂ 92..93 ਤੱਕ ਹੀ ਸੀ ਇਸ ਸਮੇਂ ਦੌਰਾਨ ਸਾਡੇ ਨਾਲ ਕਿ ਕੁੱਝ ਨੀ ਹੋਇਆ ਮਾਂ ਪਿਉ ਸਾਡੇ ਮਾਰ ਦਿੱਤੇ ਭੈਣਾਂ ਸਾਡੀਆਂ ਬੇਪਤ ਕਰ ਦਿਤੀਆਂ ਰਿਸ਼ਤੇਦਾਰ ਸਾਡੇ ਨੀ ਛੱਡੇ ਜਵਾਕ ਸਾਡੇ ਰੁਲ ਗਏ ਨੌਜਵਾਨੀ ਜੇਲ੍ਹਾਂ ਚ ਤੁੰਨ ਤੀ ਜ਼ਮੀਨਾਂ ਜਾਇਦਾਦਾਂ ਤੇ ਪੁਲਿਸ ਵਾਲਿਆਂ ਕਬਜ਼ੇ ਕਰ ਲਏ ਤੇ ਪਿੱਛੇ ਸਾਡੇ ਪੱਲੇ ਬਚਿਆ ਕੀ..?

ਕਿ ਸਾਨੂੰ ਇਹ ਸਮਝ ਨੀ ਸੀ ਕੀ ਅਸੀਂ ਜਿਸ ਰਾਹ ਤੁਰ ਰਹੇ ਹਾਂ ਉਸ ਉੱਤੇ ਸਾਡੇ ਨਾਲ ਕੱਲ੍ਹ ਨੂੰ ਕਿ ਹੋਣਾ ਸਭ ਪਤਾ ਹੋਣ ਦੇ ਬਾਵਜੂਦ ਵੀ ਅਸੀਂ ਹਥਿਆਰ ਚੁੱਕ ਆਪਣੀ ਅਣਖ ਅਤੇ ਗੈਰਤ ਨੂੰ ਬਰਕਰਾਰ ਰੱਖ ਅਜ਼ਾਦੀ ਲਈ ਜੂਝਦੇ ਰਹੇ। ਕਿਉਂਕਿ ਸਾਨੂੰ ਗੁਲਾਮੀ ਦੇ ਅਸਲ ਮਾਈਨੇ ਸਮਝ ਆ ਗਏ ਸਨ ਸਾਨੂੰ ਇਹ ਵੀ ਪਤਾ ਸੀ ਕਿ ਜੇ ਅੱਜ ਅਸੀ ਚੁੱਪ ਰਹੇ ਤਾਂ ਸਾਡੇ ਨਾਲ ਭਵਿੱਖ ਚ ਕਿ ਕੁੱਝ ਹੋਣਾ ਜੋ ਅੱਜ ਆਪਾਂ ਵੇਖ ਹੀ ਰਹੇ ਹਾਂ।

ਜਦੋਂ ਅਸੀ ਹਥਿਆਰਬੰਦ ਹੁੰਦੇ ਹੋਏ ਪਿੰਡਾਂ ਚ ਜਾ ਘਰਾਂ ਅੰਦਰ ਰੋਟੀਆਂ ਖਾਂਦੇ ਸਾਂ ਜਾ ਠਾਹਰ ਲੈਂਦੇ ਸਾਂ ਤਾਂ ਅਸੀ ਉਹਨਾਂ ਲੋਕਾਂ ਨੂੰ ਆਪਣੀ ਜੰਗ ਏ ਅਜ਼ਾਦੀ ਬਾਰੇ ਦੱਸਦੇ ਸੀ ਕਿ ਅਸੀ ਇਸ ਰਾਹ ਉੱਤੇ ਕਿਉਂ ਤੁਰੇ ਹਾਂ ਤੇ ਸਾਡੀ ਲੜਾਈ ਕਿਸ ਨਾਲ ਹੈ ਤੇ ਆਹ ਸਾਡੀਆਂ ਮੰਗਾਂ ਨੇ ਤੇ ਅੱਜ ਉਹ ਲੋਕ ਵੀ ਜਿਉਂਦੇ ਨੇ ਤੇ ਅਸੀ ਵੀ ਕਈ ਜਿਉਂਦੇ ਹਾਂ।ਫਿਰ ਕਿਵੇਂ ਖਾਲਿਸਤਾਨ ਤੋਂ ਮੁਨਕਰ ਹੋਇਆ ਜਾ ਸਕਦਾ ਕਿ ਅਸੀ ਆਪਣੇ ਸਾਥੀਆਂ ਨੂੰ ਭੁੱਲ ਸਕਦੇ ਹਾਂ ਜੋ ਸਾਡੇ ਨਾਲ ਇਸ ਰਾਹ ਦੇ ਪਾਂਧੀ ਬਣੇ ਜਾ ਕਹਿ ਲੋ ਸਾਡੀਆਂ ਭੈਣਾਂ ਇਹ ਸਹਾਰ ਲੈਣਗੀਆਂ ਕਿ ਉਹਨਾਂ ਦੇ ਵੀਰ ਇੱਜ਼ਤਾਂ ਦੇ ਮੁੱਲ ਵੱਟ ਗਏ ਜਾ ਸਾਡੀਆਂ ਮਾਵਾਂ ਇਹ ਕਹਿਣ ਕਿ ਇਸ ਨਾਲੋਂ ਪੁੱਤ ਤੂੰ ਜੰਮਦਾ ਹੀ ਕਿਉਂ ਨਾ ਮਰ ਗਿਆ।ਸਾਡੇ ਨਾਲ ਜੋ ਕੁੱਝ ਵੀ ਇਸ ਹਕੂਮਤ ਨੇ ਕੀਤਾ ਸਾਨੂੰ ਸਭ ਯਾਦ ਹੈ। ਅਸੀ ਭੁੱਲੇ ਨਹੀ ਭਾਂਵੇ ਅੱਜ ਸਾਡੇ ਕਈ ਆਪਣੇ ਫੋਕੀਆਂ ਚੌਧਰਾਂ ਖਾਤਰ ਦੁਸ਼ਮਣ ਨਾਲ ਜਾ ਖੜੇ ਨੇ ਪਰ ਸਾਨੂੰ ਇਸ ਗੱਲ ਦਾ ਦੁੱਖ ਨਹੀਂ ਕਿਉਂਕਿ ਅਸੀਂ ਇਹ ਵੀ ਜਾਣਦੇ ਹਾਂ ਕਿ ਜਦੋਂ ਦਸਵੇਂ ਪਾਤਸ਼ਾਹ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ ਉੱਤੇ ਪੰਜ ਸੀਸ ਮੰਗੇ ਸਨ ਤਾਂ ਲੱਖਾਂ ਦੀ ਗਿਣਤੀ ਚੋਂ ਪੰਜ ਹੀ ਉੱਠੇ ਸਨ। ਇਸ ਲਈ ਅਸੀ ਖਾਲਿਸਤਾਨ ਲਈ ਤੁਰੇ ਸੀ ਤੇ ਅੱਜ ਵੀ ਉਸੇ ਮੰਗ ਉੱਤੇ ਕਾਇਮ ਹਾਂ।



**ਗਗਨ ਦੀਪ ਸਿੰਘ (ਬਾਗੀ ਕਲਮ)**
**(ਧੰਨਵਾਦ ਸਹਿਤ ਪਹਿਰੇਦਾਰ)**

Rai
EXPRESS LINES LTD.




Hiring
Team Owner Operators
• All miles paid
• Year round work
• Criminal record check
• Flexible time off
• On site maintenance/wash facility
• Family atmosphere
• Direct deposit



Karnail Singh Rai
President

Call today 604-503-6900
Email-kal@raiexpresslines.com www. raiexpressline.com
Unit 125-7475 135th Street, BC V3W 0M8

THE GRAND TAJ
BANQUET HALL
Khalsa Business Centre, 84th Ave. & 128th St., Surrey



CATERING SERVICE & MUSIC ARRANGEMENT
Caterings ~ Weddings ~ Engagements ~ Birthdays ~ Conferences & much more

ਗੁਰਦਵਾਰਾ ਸਾਹਿਬ ਦੀ ਕੇਟਰਿੰਗ
ਖਾਸ ਕੀਮਤਾਂ ਤੇ ਲੈਣ ਲਈ ਅੱਜ ਹੀ ਫੋਨ ਕਰੋ
604-599-4342
Fax: 604-599-4818
Email: grandtaj@grandtaj.com
www.grandtaj.com

Our Facilities Are Perfect For:
WEDDINGS * RECEPTION
BIRTHDAY PARTIES
ANNIVERSARIES
CORPORATE FUNCTIONS
BUSINESS MEETINGS

Capacity from 100 to 1200

Ladies Parties Special

# ਸਿਹਤ ਸੰਬੰਧੀ



# ਐਲਰਜੀ, ਹੇਅ-ਫ਼ੀਵਰ, ਪੋਲਨਜ਼ ਅਤੇ ਹੋਮਿਓਪੈਥਿਕ ਇਲਾਜ

ਐਲਰਜਿਕ ਰਹੀਨਾਇਟੀਸ (Allergic Rhenitis), ਜਿਸ ਨੂੰ ਕਿ ਹੇਅ-ਫ਼ੀਵਰ ਜਾਂ ਪੌਲੀਨੌਸਿਸ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ, ਦਾ ਮਤਲਬ ਹੈ ਐਲਰਜੀ ਦੀ ਵਜ੍ਹਾ ਨਾਲ ਨੱਕ ਦੀ ਅੰਦਰਲੀ ਝਿੱਲੀ ਵਿੱਚ ਸੋਜਸ਼ ਹੋ ਜਾਣੀ। ਜੇ ਰਹੀਨਾਇਟੀਸ ਸ਼ਬਦ ਦਾ ਸੰਧੀ-ਭੇਦ ਕਰਕੇ ਵੇਖਿਆ ਜਾਵੇ ਤਾਂ "Rhino" ਦਾ ਮਤਲਬ ਹੁੰਦਾ ਹੈ "ਨੱਕ ਨਾਲ ਸਬੰਧਤ" ਅਤੇ "itis" ਦਾ ਸਬੰਧ ਸੋਜਸ਼ ਨਾਲ ਹੁੰਦਾ ਹੈ। ਐਲਰਜਿਕ ਰਹੀਨਾਇਟੀਸ ਮੌਸਮੀ ਜਾਂ ਗ਼ੈਰ-ਮੌਸਮੀ ਵੀ ਹੋ ਸਕਦੀ ਹੈ। ਬਹਾਰ ਦੇ ਮੌਸਮ (ਸਪ੍ਰਿੰਗ) ਵਿੱਚ ਇਹ ਐਲਰਜੀ ਜ਼ਿਆਦਾਤਰ ਰੁੱਖਾਂ ਦੇ ਫ਼ੁੱਲਾਂ ਦੇ ਪੋਲਨ (tree pollens) ਕਰਕੇ ਹੁੰਦੀ ਹੈ। ਘਾਹ ਕੱਟਣ ਨਾਲ ਸਬੰਧਤ ਐਲਰਜੀ ਅਕਸਰ ਗਰਮੀਆਂ ਦੀ ਰੁੱਤ ਵਿੱਚ ਹੁੰਦੀ ਹੈ ਅਤੇ ਵੀਡ ਪੋਲਨ (weed pollen) ਪਤਝੜ (ਫ਼ੌਲ) ਦੀ ਰੁੱਤ ਵਿੱਚ ਐਲਰਜੀ ਦੇ ਲੱਛਣ ਪੈਦਾ ਕਰਦੀ ਹੈ। ਬਹਾਰ ਦਾ ਮੌਸਮ ਚੱਲ ਰਿਹਾ ਹੈ ਅਤੇ ਬਹੁਤ ਸਾਰੇ ਵਿਅਕਤੀਆਂ ਨੂੰ ਪੋਲਨ ਐਲਰਜੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਕਈਆਂ ਨੂੰ ਆਉਣ ਵਾਲੇ ਸਮੇਂ ਵਿੱਚ ਇਸ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਬਹਾਰ ਦੇ ਮੌਸਮ ਵਿੱਚ ਐਲਰਜੀ ਦਾ ਕਾਰਨ ਬਣਨ ਵਾਲੇ ਤੱਤ ਦਰਖ਼ਤਾਂ ਉੱਪਰ ਪੁੰਗਰ ਰਹੇ ਫ਼ੁੱਲਾਂ ਤੋਂ ਉੱਡ ਕੇ ਵਾਤਾਵਰਨ ਵਿੱਚ ਸ਼ਾਮਲ ਹੋ ਜਾਂਦੇ ਹਨ। ਹਰ ਸਾਲ ਇਸ ਮੌਸਮ ਦੇ ਆਉਣ ਦੇ ਕਈ ਵਿਅਕਤੀਆਂ ਨੂੰ ਆਪੋ-ਆਪਣੀ ਸੰਵੇਦਨਾ ਅਨੁਸਾਰ ਐਲਰਜੀ ਦਾ ਸਾਹਮਣਾ ਕਰਨਾ ਪੈਂਦਾ ਹੈ।

ਬਹਾਰ ਦੇ ਮੌਸਮ ਵਿੱਚ ਹਰ ਸਾਲ ਜਦੋਂ ਦਰਖ਼ਤਾਂ ਦੇ ਫ਼ੁੱਲ ਫ਼ੁੱਟਣੇ ਸ਼ੁਰੂ ਹੁੰਦੇ ਹਨ ਤਾਂ ਕਈ ਸੰਵੇਦਨਸ਼ੀਲ ਵਿਅਕਤੀਆਂ ਨੂੰ ਬਹੁਤ ਤਕਲੀਫ਼ਦੇਹ ਲੱਛਣਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਜਿਵੇਂ ਛਿੱਕਾਂ (ਕਈ ਵਾਰੀ ਬਹੁਤ ਜ਼ਿਆਦਾ), ਅੱਖਾਂ ਵਿੱਚ ਲਾਲੀ ਅਤੇ ਰੜਕ, ਅੱਖਾਂ ਵਿੱਚੋਂ ਪਾਣੀ ਵਗਣਾ, ਪਲਕਾਂ ਵਿੱਚ ਜਲਨ ਅਤੇ ਸੋਜਸ਼, ਨੱਕ ਵਿੱਚ ਝੁਨਝੁਨਾਹਟ, ਨੱਕ ਵਿੱਚ ਸੇਕ ਅਤੇ ਨੱਕ ਵਿੱਚੋਂ ਜਲਨਸ਼ੀਲ ਤਰਲ ਪਦਾਰਥ ਵਗਣਾ, ਨੱਕ ਦੇ ਵਿੰਗਜ਼ ਪੂੰਝ ਪੂੰਝ ਕੇ ਲਾਲ ਹੋ ਜਾਣੇ, ਰਾਤ ਨੂੰ ਨੱਕ ਬੰਦ ਹੋ ਜਾਣਾ, ਮੂੰਹ ਰਾਹੀਂ ਸਾਹ ਲੈਣਾ, ਨੀਂਦ ਨਾ ਆਉਣੀ, ਦਿਨ ਵੇਲੇ ਨੱਕ ਬੰਦ ਰਹਿਣਾ ਅਤੇ ਉਸ ਵਿੱਚੋਂ ਪਾਣੀ ਵਗਣਾ। ਪੀੜਤ ਵਿਅਕਤੀ ਦੀ ਬੁਰੀ ਹਾਲਤ ਕਰ ਦੇਣ ਵਾਲੇ ਇਹ ਲੱਛਣ ਉਸ ਦੇ ਸੁਭਾਅ ਵਿੱਚ ਚਿੜਚਿੜਾਪਨ ਤਾਂ ਲਿਆਉਂਦੇ ਹੀ ਹਨ, ਇਨ੍ਹਾਂ ਕਾਰਨ ਵਿਅਕਤੀ ਦੀ ਕੰਮ 'ਤੇ ਜਾਣ ਦੀ ਹਾਲਤ ਵੀ ਨਹੀਂ ਰਹਿੰਦੀ। ਸਿਰ ਭਾਰਾ, ਸਿਰ ਵਿੱਚ ਦਰਦ, ਰੌਸ਼ਨੀ ਚੰਗੀ ਨਾ ਲੱਗਣੀ, ਚਿਹਰਾ ਲਾਲ ਹੋ ਜਾਣਾ, ਸਰੀਰ ਬੇਜਾਨ, ਸੁੱਕੀ ਖੰਘ, ਗਲਾ ਖ਼ੁਸ਼ਕ ਅਤੇ ਬਾਰ-ਬਾਰ ਛਿੱਕਾਂ ਮਾਰਨ ਨਾਲ ਪਸਲੀਆਂ ਵਿੱਚ ਦਰਦ ਦੇ ਕਾਰਨ ਵਿਅਕਤੀ ਬੇਹਾਲ ਹੋ ਜਾਂਦਾ ਹੈ।

ਮਰੀਜ਼ ਨੂੰ ਕਿਸੇ ਵੀ ਅਵਸਥਾ ਵਿੱਚ ਚੈਨ ਨਹੀਂ ਮਿਲਦਾ। ਬੇਚੈਨੀ ਕਰਕੇ ਉਹ ਘਰ ਦੇ ਅੰਦਰ ਜਾਂ ਬਾਹਰ ਟਿਕ ਕੇ ਬੈਠ ਨਹੀਂ ਸਕਦਾ। ਕਈ ਕੇਸਾਂ ਵਿੱਚ ਉਪਰੋਕਤ ਲੱਛਣਾਂ ਦੇ ਨਾਲ ਨਾਲ ਇੰਨੀ ਜ਼ਬਰਦਸਤ ਐਲਰਜੀ ਹੁੰਦੀ ਹੈ ਕਿ ਸਾਹ ਦੀ ਨਾਲੀ ਵਿੱਚ ਵੀ ਤਕਲੀਫ਼ ਮਹਿਸੂਸ ਹੋਣ ਲੱਗ ਜਾਂਦੀ ਹੈ ਅਤੇ ਸਾਹ ਲੈਣਾ ਵੀ ਔਖਾ ਲੱਗਣ ਲੱਗ ਜਾਂਦਾ ਹੈ। ਰਵਾਇਤੀ ਇਲਾਜ ਪ੍ਰਣਾਲੀ ਵਿੱਚ ਐਲਰਜੀ ਦਾ ਅਸਰ ਘਟਾਉਣ ਲਈ ਐਲਰਜੀ ਦਾ ਕਾਰਨ ਬਣਨ ਵਾਲੇ ਖ਼ਾਸ ਤੱਤ ਦਾ ਪਤਾ ਕਰਨ ਤੋਂ ਬਾਅਦ ਟੀਕੇ ਰਾਹੀਂ ਆਈਸੋਪੈਥਿਕ (Isopathic) ਦਵਾਈਆਂ ਦਿੱਤੀਆਂ ਜਾਂਦੀਆਂ ਹਨ। ਇਸੇ ਤਰ੍ਹਾਂ ਹੋਮਿਓਪੈਥਿਕ




**ਡਾ. ਸ਼ਵੇਤਾ**
MBBS, MD & DHMS (ONT.)
Abbotsford
(604) 304-2236

**ਡਾ. ਆਰ.ਐੱਸ. ਸੈਣੀ**
**(ਹੋਮਿਓਪੈਥ)**
Surrey
(604) 502-9579


ਇਲਾਜ ਪ੍ਰਣਾਲੀ ਵਿੱਚ ਵੀ ਐਲਰਜੀ ਦਾ ਕਾਰਨ ਬਣਨ ਵਾਲੇ ਤਕਰੀਬਨ ਸਾਰੇ ਤੱਤਾਂ ਨੂੰ ਸਥਾਪਤ ਹੋਮਿਓਪੈਥਿਕ ਫ਼ਾਰਮੇਸੀਆਂ ਵੱਲੋਂ ਪੋਟੈਨਟਾਈਜ਼ ਕੀਤਾ ਹੋਇਆ ਹੈ। ਫ਼ਰਕ ਸਿਰਫ਼ ਇਹ ਹੈ ਕਿ ਹੋਮਿਓਪੈਥੀ ਵਿੱਚ ਖਾਣ ਵਾਲੀ ਦਵਾਈ ਦਿੱਤੀ ਜਾਂਦੀ ਹੈ। ਜਿਸ ਪਦਾਰਥ ਤੋਂ ਵਿਅਕਤੀ ਸੰਵੇਦਬਸ਼ੀਲ ਹੁੰਦਾ ਹੈ ਉਸੇ ਪਦਾਰਥ ਤੋਂ ਹੋਮਿਓਪੈਥਿਕ ਫ਼ਾਰਮਾਕੋਪੀਆ ਅਨੁਸਾਰ ਦਵਾਈ ਦੀ ਪੋਟੈਂਸੀ ਤਿਆਰ ਕੀਤੀ ਜਾਂਦੀ ਹੈ।

ਰਹੀਨਾਇਟੀਸ ਅਤੇ ਹੇਅ-ਫ਼ੀਵਰ ਦੇ ਇਲਾਜ ਲਈ ਕਾਊਂਟਰ ਤੋਂ ਮਿਲਣ ਵਾਲੀਆਂ ਅਤੇ ਤਜਵੀਜ਼ ਕੀਤੀ ਜਾਣ ਵਾਲੀਆਂ ਬਹੁਤ ਸਾਰੀਆਂ ਦਵਾਈਆਂ ਉਪਲਬਧ ਹਨ। ਇਨ੍ਹਾਂ ਦੀਆਂ ਦੋ ਪ੍ਰਮੁੱਖ ਸ਼੍ਰੇਣੀਆਂ ਹਨ:

**Antihistamines (ਐਂਟੀਹਿਸਟੇਮਾਈਨਜ਼)**
**Topical Steroids (ਟੌਪੀਕਲ ਸਟੀਰੌਇਡਜ਼)**

ਇਹ ਦੋਵਾਂ ਤਰ੍ਹਾਂ ਦੀਆਂ ਦਵਾਈਆਂ ਐਲਰਜੀ ਤੋਂ ਅਸਥਾਈ ਤੌਰ 'ਤੇ ਰਾਹਤ ਦਿੰਦੀਆਂ ਹਨ ਅਤੇ ਆਮ ਤੌਰ 'ਤੇ ਦਿਨ ਪ੍ਰਤੀ ਦਿਨ ਜਾਂ ਅਟੈਕ ਹੋਣ 'ਤੇ ਲੈਣੀਆਂ ਪੈਂਦੀਆਂ ਹਨ।

ਪਰ ਇਨ੍ਹਾਂ ਦੇ ਆਪਣੇ ਮਾੜੇ ਪ੍ਰਭਾਵ ਵੀ ਹੁੰਦੇ ਹਨ ਜਿਨ੍ਹਾਂ ਨਾਲ ਨੀਂਦ ਜਾਂ ਘੁਮੇਰੀ ਆਉਣੀ ਅਤੇ ਧਿਆਨ ਲਗਾਉਣ ਵਿੱਚ ਮੁਸ਼ਕਲ ਆਉਣੀ, ਖ਼ਾਸ ਕਰਕੇ ਗੱਡੀ ਚਲਾਉਣ ਵੇਲੇ ਜਾਂ ਕਿਸੇ ਮਸ਼ੀਨ 'ਤੇ ਕੰਮ ਕਰਨ ਸਮੇਂ।

ਹੋਮਿਓਪੈਥਿਕ ਇਲਾਜ ਪ੍ਰਣਾਲੀ ਵਿੱਚ ਇਸ ਪੀੜਤ ਅਵਸਥਾ ਵਾਸਤੇ ਬਹੁਤ ਢੁਕਵੀਆਂ ਦਵਾਈਆਂ ਉਪਲਬਧ ਹਨ। ਪਰ ਜੇ ਪੀੜਤ ਵਿਅਕਤੀ ਨੂੰ ਉਸ ਦੀ ਪੂਰੀ ਬਣਤਰ, ਉਸ ਦੇ ਸੁਭਾਅ, ਆਦਤਾਂ ਅਤੇ ਜੀਵਨ-ਸ਼ੈਲੀ ਤੋਂ ਇਲਾਵਾ ਐਲਰਜੀ ਕਾਰਨ ਪੈਦਾ ਹੋਏ ਲੱਛਣਾਂ ਨੂੰ ਸਮਝਦਿਆਂ ਹੋਇਆਂ ਢੁਕਵੀਂ ਹੋਮਿਓਪੈਥਿਕ ਦਵਾਈ ਦਿੱਤੀ ਜਾਵੇ ਤਾਂ ਉਸ ਨੂੰ ਐਲਰਜੀ ਤੋਂ ਹਮੇਸ਼ਾ ਵਾਸਤੇ ਛੁਟਕਾਰਾ ਮਿਲ ਸਕਦਾ ਹੈ।

ਹੋਮਿਓਪੈਥਿਕ ਦਵਾਈਆਂ ਦਾ ਕੋਈ ਸਾਈਡ-ਅਫ਼ੈਕਟ ਨਹੀਂ ਹੁੰਦਾ ਅਤੇ ਇਹ ਵਿਅਕਤੀ ਦੇ ਦਿਨ ਪ੍ਰਤੀ ਦਿਨ ਦੇ ਕੰਮ ਵਿੱਚ ਵੀ ਅੜਚਨਾਂ ਪੈਦਾ ਨਹੀਂ ਕਰਦੀਆਂ।

ਇੱਕ ਪ੍ਰੋਫ਼ੈਸ਼ਨਲ ਹੋਮਿਓਪੈਥ ਹੀ ਸਹੀ ਹੋਮਿਓਪੈਥਿਕ ਦਵਾਈ ਦੀ ਚੋਣ ਕਰਨ ਉਪਰੰਤ ਐਲਰਜੀ ਤੋਂ ਪੀੜਤ ਵਿਅਕਤੀ ਦੀ ਮਦਦ ਕਰ ਸਕਦਾ ਹੈ।

**ਐਲਰਜੀ ਤੋਂ ਬਚਣ ਲਈ ਕੁਝ ਸਹਾਇਕ ਗੁਰ:**

ਧੋਤੇ ਕਪੜਿਆਂ ਨੂੰ ਸੁਕਾਉਣ ਲਈ ਖੁੱਲ੍ਹੇ ਵਿੱਚ ਨਾ ਲਟਕਾਓ ਕਿਉਂਕਿ ਕਪੜੇ ਅਤੇ ਚਾਦਰਾਂ ਉੱਪਰ ਪੋਲਨ ਡਸਟ ਜੰਮ ਜਾਂਦੀ ਹੈ।

ਘਰ ਵਿੱਚ ਅਤੇ ਕਾਰ ਚਲਾਉਂਦੇ ਸਮੇਂ ਖਿੜਕੀਆਂ ਨੂੰ ਬੰਦ ਰੱਖਣ ਦੀ ਕੋਸ਼ਿਸ਼ ਕਰੋ। ਯਾਦ ਰੱਖੋ ਜਿਹੜੀ ਚੀਜ਼ ਮਿੱਟੀ ਜਾਂ ਧੂੜ ਇਕੱਠੀ ਕਰ ਸਕਦੀ ਹੈ ਉਸ ਉੱਪਰ ਪੋਲਨ ਵੀ ਜਮ੍ਹਾਂ ਹੋ ਸਕਦੇ ਹਨ। ਉਦਾਹਰਣ ਵਜੋਂ, ਕਾਰਪੈੱਟ, ਕੰਧ 'ਤੇ ਲਟਾਈਆਂ ਚੀਜ਼ਾਂ, ਪਰਦੇ, ਫ਼ਰਨੀਚਰ ਦੇ ਕਵਰ ਅਤੇ ਹੋਰ ਸਤਹਾਂ ਜਿੱਥੇ ਧੂੜ ਜੰਮ ਸਕਦੀ ਹੈ।

ਸਵੇਰੇ 6 ਤੋਂ 10 ਵਜੇ ਤਕ ਹਵਾ ਵਿੱਚ ਪੋਲਨ ਦਾ ਅਸਰ ਵਧੇਰੇ ਹੁੰਦਾ ਹੈ। ਇਸ ਲਈ ਇਸ ਸਮੇਂ ਦੌਰਾਨ ਖੁੱਲ੍ਹੇ ਵਿੱਚ ਜਾਣ ਤੋਂ ਗੁਰੇਜ਼ ਕਰੋ।

ਬਰਸਾਤ ਹੋਣ ਤੋਂ ਬਾਅਦ ਪੋਲਨ ਘਟ ਜਾਂਦਾ ਹੈ। ਲੰਮੇ ਸਮੇਂ ਤਕ ਬਾਹਰ ਰਹਿਣ ਤੋਂ ਬਾਅਦ ਨਹਾ ਕੇ ਕਪੜੇ ਬਦਲਣੇ ਚਾਹੀਦੇ ਹਨ। ਇਸ ਨਾਲ ਪੋਲਨ ਦਾ ਅਸਰ ਘਟ ਜਾਵੇਗਾ।

ਐਨਕਾਂ ਪਹਿਨਣ ਨਾਲ ਅੱਖਾਂ 'ਤੇ ਪੋਲਨ ਦਾ ਅਸਰ ਘਟ ਜਾਂਦਾ ਹੈ।









GURU NANAK SIKH GURDWARA
7050 – 120th Street, Surrey, BC, Canada

7050 120 Street, Surrey, British Columbia V3W 3M8, Tel: (604) 598-1300 Fax (604) 594-1669

# ਇਸ ਹਫਤੇ ਦੇ ਪ੍ਰੋਗਰਾਮ

ਸ਼ਹੀਦੀ ਦਿਹਾੜਾ ਸ਼ਹੀਦ ਭਾਈ ਤਾਰੂ ਸਿੰਘ ਜੀ, ਸ਼ਹੀਦ ਭਾਈ ਜਨਰਲ ਲਾਭ ਸਿੰਘ ਪੰਜਵੜ
ਸਾਰੇ ਦਿਨ ਦੇ ਦੀਵਾਨ ਸਮਰਪਿਤ 17 ਜੁਲਾਈ, 2022 ਦਿਨ ਐਤਵਾਰ

## ਨਗਰ ਕੀਰਤਨ
## NAGAR KIRTAN

ਮੀਰੀ ਪੀਰੀ ਦਿਵਸ

Kirtan, Katha, Dhadi, Speeches, Gatka

Sunday, July 31st

STARTS 8:00AM

ਅੰਮ੍ਰਿਤ ਸੰਚਾਰ
JULY 30 2022

ਖੁੱਲੇ ਪੰਡਾਲ ਵਿੱਚ ਦੀਵਾਨ 2:00-6:30PM

AT GURU NANAK SIKH GURUDWARA SAHIB. DELTA - SURREY BC

## ਆਤਮਰਸ ਕੀਰਤਨ ਦਰਬਾਰ

23 ਤੋਂ 31 ਜੁਲਾਈ ਤੱਕ
JULY 23 - 31 7- 9PM

**PROGRAM**

- ਢਾਡੀ ਦਰਬਾਰ JULY 14-20 7-9pm
- ਕਥਾ ਦਰਬਾਰ JULY 21-22 7-9pm
- ਕੀਰਤਨ ਦਰਬਾਰ JULY 23-31 7-9pm
- ਬਾਹਰ ਖੁੱਲੇ ਪੰਡਾਲ ਵਿੱਚ ਦੀਵਾਨ JULY 31 2-6:30pm




ਪਹੁੰਚ ਰਹੇ ਕੀਰਤਨੀ ਜੱਥੇ ਅਤੇ ਕਥਾਵਾਚਕ:




ਗੁਰੂ ਕੇ ਲੰਗਰਾਂ ਦੇ ਸਟਾਲ ਲੱਗਣਗੇ ।

23-24 JULY
7-9 PM



BHAI ANANTVIR SINGH JI LA WALE
BHAI SARABJIT SINGH JI DURG WALE
BHAI SARABJIT SINGH JI PATNA SAHIB WALE

ਇਹਨਾਂ ਸਮਾਗਮਾਂ ਦੌਰਾਨ ਸ਼ਹੀਦ ਪਰਿਵਾਰਾਂ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ

GURU NANAK SIKH GURUDWARA
7050 120 St, Surrey.B.C. Canada V3W 3M8 Ph: (604) 598-1300 Fax: 604-594-1669

Please listen to live broadcast from Gurudwara Sahib at
www.gnsg.ca | info@gnsg.ca

## ਰਾਗੀ ਜੱਥੇ

ਭਾਈ ਜਸਬੀਰ ਸਿੰਘ ਜੀ ਬਟਾਲੇ ਵਾਲੇ, ਭਾਈ ਬਲਜਿੰਦਰ ਸਿੰਘ ਬੰਬੇ ਵਾਲੇ,
ਭਾਈ ਮਨਪ੍ਰੀਤ ਸਿੰਘ ਬਾਬਾ ਬਕਾਲਾ ਸਾਹਿਬ

## ਕਥਾਵਾਚਕ

ਭਾਈ ਗੁਰਦੀਪ ਸਿੰਘ ਜੀ

## ਢਾਡੀ ਜਥਾ

ਭਾਈ ਮਨਦੀਪ ਸਿੰਘ ਪੁਹੀੜ

# ਹਸਗੁੱਲੇ

ਬਹੁਤ ਪੁਰਾਣੀ ਗੱਲ ਹੈ....
ਇੱਕ ਵਾਰ ਇੱਕ ਆਦਮੀ ਸ਼ੀਸ਼ਾ ਲੱਭ ਗਿਆ।
ਉਸਨੇ ਅਤੇ ਉਸਦੇ ਪਰਿਵਾਰ ਕਦੇ ਵੀ ਸ਼ੀਸ਼ਾ ਨਹੀਂ ਦੇਖਿਆ ਸੀ।ਉਹ ਸ਼ੀਸ਼ਾ ਘਰ ਲੈ ਆਇਆ।
ਸ਼ੀਸ਼ੇ ਵਿਚ ਆਪਣਾ ਮੂੰਹ ਦੇਖ ਕੇ ਉਸਨੂੰ ਸਮਝ ਨਾ ਆਵੇ ਇਹ ਕੌਣ ਹੈ।ਹਰ ਰੋਜ ਸ਼ੀਸ਼ਾਂ ਦੇਖ ਬੁੜ ਬੁੜ ਕਰਿਆ ਕਰੇ!
ਉਸ ਦੀ ਪਤਨੀ ਨੂੰ ਸ਼ੱਕ ਹੋ ਗਿਆ।
ਇੱਕ ਦਿਨ ਜਦੋਂ ਉਸਦਾ ਪਤੀ ਘਰੋਂ ਬਾਹਰ ਗਿਆ
ਫਿਰ ਉਸਨੇ ਉਹ ਸ਼ੀਸ਼ਾ ਕੱਢਿਆ...
ਆਪਣਾ ਚਿਹਰਾ ਦੇਖ ਕੇ ਕਹਿੰਦੀ
“ਅੱਛਾ... ਤਾਂ ਇਹ ਉਹ ਚੁੜੇਲ ਹੈ ਜਿਸ ਨਾਲ ਮੇਰਾ ਪਤੀ ਹਰ ਰੋਜ਼ ਗੱਲਾਂ ਕਰਦਾ ਹੈ।
ਉਸਨੇ ਉਹ ਸ਼ੀਸ਼ਾ ਚੁੱਕਿਆ ਤੇ ਆਪਣੀ ਸੱਸ ਕੋਲ ਲੈ ਗਈ ਤੇ ਕਿਹਾ ‘ਤੇਰਾ ਪੁੱਤ ਹੁਣ ਮੇਰੇ ਨਾਲ ਨਹੀਂ ਇਸ ਨਾਲ ਗੱਲਾਂ ਕਰਦਾ!
ਤਾਂ ਸੱਸ ਸ਼ੀਸ਼ਾ ਦੇਖ ਕੇ ਕਿਹਾ:
"ਚਿੰਤਾ ਨਾ ਕਰ......ਬੁੱਢੀ ਆ ਛੇਤੀ ਮਰ ਜਾਵੇਗੀ!

*********

ਬੇਗਮ- ਕੀ ਤੁਸੀਂ ਚੰਨ ਲਿਆ ਸਕਦੇ ਹੋ..??
ਮੀਆਂ :-ਕਮਰੇ ਵਿੱਚ ਗਿਆ ਤੇ ਕੁੱਝ ਲੁਕਾ ਕੇ ਲੈ ਆਇਆ,ਬੇਗਮ ਨੂੰ ਕਿਹਾ ਆਪਣੀਆਂ ਅੱਖਾਂ ਬੰਦ ਕਰੋ ਅਤੇ ਉਹ ਚੀਜ਼ ਬੇਗਮ ਦੇ ਹੱਥ ਵਿੱਚ ਫੜਾ ਦਿੱਤੀ ਅਤੇ ਅੱਖਾਂ ਦੁਬਾਰਾ ਖੋਲ੍ਹਣ ਲਈ ਕਿਹਾ!ਬੇਗਮ ਦੀਆਂ ਅੱਖਾਂ ਵਿੱਚ ਹੰਝੂ ਸਨ।ਕਿਉਂਕਿ ਉਸਦੇ ਹੱਥਾਂ ਵਿੱਚ ਇੱਕ ਸ਼ੀਸ਼ਾ ਸੀ ਜਿਸ ਵਿੱਚ ਬੇਗਮ ਦਾ ਚਿਹਰਾ ਦਿਸ ਰਿਹਾ ਸੀ।
ਬੇਗਮ- ਜਾਂ ਰੱਬਾ...ਤੂੰ ਮੈਨੂੰ ਚੰਨ ਵਰਗੀ ਸਮਝਦਾ ਏ .!!
ਮੀਆਂ ਨੇ ਕਿਹਾ: ਨਹੀਂ, ਮੈਂ ਤੁਹਾਨੂੰ ਇਹ ਸਮਝਾ ਰਿਹਾ ਹਾਂ।ਜਿਸ ਮੂੰਹ ਤੋਂ ਚੰਨ ਮੰਗਦੀ ਏ ਉਹ ਚਿਹਰਾ ਕਦੇ-ਕਦੇ ਸ਼ੀਸ਼ੇ ਵਿੱਚ ਦੇਖ ਲਿਆ ਕਰ।

*********

ਸੰਜੂ ਆਪਣੀ ਪ੍ਰੇਮਿਕਾ ਦੇ ਪਿਤਾ ਨੂੰ ਮਿਲਣ ਗਿਆ...
ਕੁੜੀ ਦਾ ਪਿਤਾ :- ਮੈਂ ਨਹੀਂ ਚਹੁੰਦਾ ਕਿ ਮੇਰੀ ਧੀ ਸਾਰੀ ਜਿੰਦਗੀ ਇੱਕ ਬੇਵਕੂਫ ਨਾਲ ਗੁਜਾਰੇ....
ਸੰਜੂ :- ਬਸ ਚਾਚਾ ਜੀ ਬੱਸ!ਮੈਂ ਵੀ ਇਹੀ ਚਹੁੰਦਾਂ ਇਸੇ ਕਰਕੇ ਤਾਂ ਮੈਂ ਉਸ ਨੂੰ ਇੱਥੋਂ ਲੈਣ ਆਇਆ ਹਾਂ

*********

ਪਤਨੀ (ਪਤੀ ਨੂੰ) ਉੱਠੋ, ਸਵੇਰ ਹੋ ਗਈ!
ਪਤੀ: ਅੱਖਾਂ ਨਹੀਂ ਖੁੱਲ੍ਹ ਰਹੀਆਂ, ਇਸ ਲਈ ਕੁਝ ਅਜਿਹਾ ਕਹੋ ਕਿ ਨੀਂਦ ਉੱਡ ਜਾਵੇ।
ਪਤਨੀ: ਮੈਂ ਜਿਸ ਨਾਲ ਤੁਸੀਂ ਰਾਤ ਨੂੰ ਚੈਟ ਕਰ ਰਹੇ ਸੀ ਉਹ ਮੇਰੀ ਦੂਜੀ ਆਈ.ਡੀ.ਹੈ!
ਹੁਣ ਪਤੀ ਨੂੰ 3 ਦਿਨਾਂ ਤੋਂ ਨੀਂਦ ਨਹੀਂ ਆ ਰਹੀ ਹੈ।

*********

ਪਤਨੀ (ਪਤੀ ਨੂੰ):ਐ ਜੀ ਸੁਣਦੇ ਹੋ?
ਪਤੀ:- ਦੱਸ ਵੀ ਕੁਝ?
ਪਤਨੀ :-ਗੁਆਂਢੀਆਂ ਦੀ ਪਿੰਕੀ ਨੇ ਗਣਿਤ ਵਿੱਚ 100 ਵਿੱਚੋਂ 99 ਅੰਕ ਪ੍ਰਾਪਤ ਕੀਤੇ ਹਨ।
ਪਤੀ: ਠੀਕ ਹੈ, ਤਾਂ 1 ਨੰਬਰ ਕਿੱਥੇ ਗਿਆ?
ਪਤਨੀ: ਆਪਣਾ ਹੁਸ਼ਿਆਰ ਬੇਟਾ ਲੈ ਕੇ ਆਇਆ ਹੈ!

*********

ਚੇਲਾ - ਸੰਤ ਜੀ, ਅਜਿਹੀ ਪਤਨੀ ਨੂੰ ਕੀ ਕਹਿੰਦੇ ਹਨ?
ਜੋ ਗੋਰੀ, ਲੰਬੀ, ਸੋਹਣੀ, ਚੁਸਤ ਹੋਵੇ
,ਆਪਣੇ ਪਤੀ ਨੂੰ ਸਮਝੇ,ਪਿਆਰ ਕਰੇ ਲੜੇ ਨਾ?
ਸੰਤ ਜੀ - ਇਸ ਨੂੰ ਮਨ ਦਾ ਵਹਿਮ ਕਿਹਾ ਜਾਂਦਾ ਹੈ!ਪੁੱਤਰ...

*********

ਇੱਕ ਔਰਤ ਆਪਣੀ ਗੁਆਂਢਣ ਨਾਲ ਗੱਲਾਂ ਕਰ ਰਹੀ ਸੀ!
" ਕੀ ਤੂੰ ਜਾਣਦੀ ਏ ਭੈਣੇ, 20 ਸਾਲਾਂ ਤੱਕ ਮੇਰੇ ਕੋਈ ਬੱਚਾ ਨਹੀਂ ਹੋਇਆ ਸੀ"
ਗੁਆਂਢਣ ਹੈਰਾਨ ਹੋ ਕੇ : -“ਫੇਰ ਤੁਸੀਂ ਕੀ ਕੀਤਾ ?"
ਔਰਤ: "ਜਦੋਂ ਮੈਂ 21 ਸਾਲ ਦੀ ਹੋ ਗਈ
ਮੇਰੇ ਪਿਤਾ ਨੇ ਮੇਰਾ ਵਿਆਹ ਕਰ ਦਿੱਤਾ
ਫਿਰ ਜਾ ਕੇ ਮੁੰਨਾ ਹੋਇਆ!

*********

ਇੱਕ ਦਿਨ ਰੱਬ ਨੇ ਇੱਕ
ਬੰਦੇ ਦੀ ਯਾਦਾਸ਼ਤ( ਮੈਮਰੀ) ਨੂੰ ਮਿਟਾ ਦਿੱਤਾ।
ਫਿਰ ਪੁੱਛਿਆ ਤੈਨੂੰ ਕੁਝ ਯਾਦ ਹੈ?
ਆਦਮੀ ਨੇ ਆਪਣੀ ਪਤਨੀ ਦਾ ਨਾਂ ਦੱਸਿਆ....
ਰੱਬ ਨੇ ਹੱਸ ਕੇ ਕਿਹਾ - “ਸਾਰਾ ਸਿਸਟਮ ਕਲੀਅਰ ਕੀਤਾ ਪਰ ਵਾਇਰਸ ਪਿਰ ਰਹਿ ਗਿਆ.... ,

*********

ਸੁਨੀਲ ਮੌਤ ਦੇ ਅੰਕੜੇ ਪੜ੍ਹ ਰਿਹਾ ਸੀ। ਉਸ ਨੇ ਆਪਣੀ ਪਤਨੀ ਨੂੰ ਦੱਸਿਆ, ‘‘ਸੰਧਿਆ ਕਮਾਲ ਹੈ, ਜਦ ਮੈਂ ਇੱਕ ਸਾਹ ਛੱਡਦਾ ਹਾਂ ਤਾਂ ਇੱਕ ਆਦਮੀ ਦੀ ਮੌਤ ਹੋ ਜਾਂਦੀ ਹੈ।''
ਸੰਧਿਆ, ‘‘ਤਦ ਤੁਸੀਂ ਕਿਸੇ ਚੰਗੇ ਟੂਥਪੇਸਟ ਦਾ ਇਸਤੇਮਾਲ ਕਿਉਂ ਨਹੀਂ ਕਰਦੇ।''

-----------------------------

ਦੋ ਪਾਗਲ ਘਰ ਦੀ ਛੱਤ ਉੱਤੇ ਸੁੱਤੇ ਪਏ ਸਨ। ਅਚਾਨਕ ਮੀਂਹ ਪੈਣ ਲੱਗਾ।
ਪਹਿਲਾ ਬੋਲਿਆ, ‘‘ਚੱਲ ਅੰਦਰ ਚਲਦੇ ਹਾਂ। ਅਸਮਾਨ ਵਿੱਚ ਛੇਕ ਹੋ ਗਿਆ ਹੈ।” ਇੰਨੇ ਵਿੱਚ ਬਿਜਲੀ ਕੜਕੀ।
ਦੂਸਰਾ ਬੋਲਿਆ, ‘‘ਚੁੱਪਚਾਪ ਸੌਂ ਜਾ, ਵੈਲਡਿੰਗ ਵਾਲੇ ਆ ਗਏ ਹਨ।”

*********

ਪ੍ਰਥਮ ਅੰਬ ਦੇ ਦਰੱਖਤ ਉੱਤੇ ਚੜ੍ਹ ਕੇ ਅੰਬ ਤੋੜ ਰਿਹਾ ਸੀ। ਮਾਲੀ ਨੇ ਦੇਖ ਲਿਆ ਅਤੇ ਕਿਹਾ, ‘‘ਜਾ ਕੇ ਤੇਰੇ ਪਿਤਾ ਨੂੰ ਸ਼ਿਕਾਇਤ ਕਰਦਾ ਹਾਂ।”
ਪ੍ਰਥਮ ਬੋਲਿਆ, ‘‘ਉਹ ਘਰ ਨਹੀਂ ਮਿਲਣਗੇ। ਨਾਲ ਵਾਲੇ ਦਰੱਖਤ ਉੱਤੇ ਹਨ।”

*********

ਅਨਵਰ, ‘‘ਤੂੰ ਮੈਨੂੰ ਧੋਖਾ ਦਿੱਤਾ ਹੈ।”
ਦੁਕਾਨਦਾਰ, ‘‘ਨਹੀਂ ਸਾਹਬ, ਮੈਂ ਤੁਹਾਨੂੰ ਚੰਗੀ ਕੁਆਲਿਟੀ ਦਾ ਰੇਡੀਓ ਦਿੱਤਾ ਹੈ।”
ਅਨਵਰ, ‘‘ਇਸ ‘ਤੇ ਲਿਖਿਆ ਹੈ-ਮੇਡ ਇਨ ਜਾਪਾਨ, ਪਰ ਚਾਲੂ ਕਰੋ ਤਾਂ ਬੋਲਦਾ ਹੈ-ਆਲ ਇੰਡੀਆ ਰੇਡੀਓ।”

*********

ਟੀਚਰ, ‘‘ਪ੍ਰਿੰਸ, ਦੱਸ ਕਾਲ ਕਿੰਨੀ ਤਰ੍ਹਾਂ ਦੇ ਹੁੰਦੇ ਹਨ?” ਪ੍ਰਿੰਸ, ‘‘ਤਿੰਨ ਤਰ੍ਹਾਂ ਦੇ।”
ਟੀਚਰ, ‘‘ਤਿੰਨਾਂ ਦੀ ਇੱਕ-ਇੱਕ ਮਿਸਾਲ ਦੇਹ।”
ਪ੍ਰਿੰਸ, ‘‘ਸਰ, ਕੱਲ੍ਹ ਮੈਂ ਤੁਹਾਡੀ ਬੇਟੀ ਨੂੰ ਦੇਖਿਆ (ਭੂਤਕਾਲ), ਅੱਜ ਮੈਂ ਉਸ ਨੂੰ ਪਿਆਰ ਕਰਦਾ ਹਾਂ (ਵਰਤਮਾਨ ਕਾਲ) ਅਤੇ ਕੱਲ੍ਹ ਮੈਂ ਉਸ ਨੂੰ ਭਜਾ ਕੇ ਲੈ ਜਾਵਾਂਗਾ (ਭਵਿੱਖ ਕਾਲ)।”
ਨੀਰਜ ਨੇ ਅਨਿਲ ਦਾ ਮਜ਼ਾਕ ਉਡਾਉਂਦਿਆਂ ਕਿਹਾ, ‘‘ਸ਼ਰਮ ਦੀ ਗੱਲ ਹੈ ਕਿ ਤੇਰੇ ਪਾਪਾ ਟੇਲਰ ਹਨ ਅਤੇ ਤੇਰੀ ਕਮੀਜ਼ ਫਟੀ ਹੋਈ ਹੈ।”
ਅਨਿਲ, ‘‘ਸ਼ਰਮਾ ਤੈਨੂੰ ਆਉਣੀ ਚਾਹੀਦੀ ਹੈ। ਤੇਰੇ ਪਾਪਾ ਡੈਂਟਿਸਟ ਹਨ ਅਤੇ ਤੇਰਾ ਭਰਾ ਬਿਨਾਂ ਦੰਦਾਂ ਦੇ ਪੈਦਾ ਹੋਇਆ।”

*****

ਪਤਨੀ, ‘‘ਡਾਰਲਿੰਗ, ਕੀ ਮੈਂ ਤੇਰੇ ਸੁਫਨਿਆਂ ਵਿੱਚ ਆਉਂਦੀ ਹਾਂ?”
ਪਤੀ, ‘‘ਨਹੀਂ।”
ਪਤਨੀ, ‘‘ਕਿਉਂ ਨਹੀਂ?”
ਪਤੀ, ‘‘ਕਿਉਂਕਿ ਮੈਂ ਹਨੂਮਾਨ ਚਾਲੀਸਾ ਪੜ੍ਹ ਕੇ ਸੌਂਦਾ ਹਾਂ।”

*********

ਇੱਕ ਸ਼ਰਾਬੀ ਨੇ ਰਾਤ 12 ਵਜੇ ਵਾਈਨ ਸ਼ਾਪ ਮਾਲਕ ਨੂੰ ਫੋਨ ਕੀਤਾ...
ਸ਼ਰਾਬੀ, ‘‘ਤੇਰੀ ਦੁਕਾਨ ਕਦੋਂ ਖੁੱਲ੍ਹੇਗੀ?”
ਮਾਲਕ, ‘‘ਸਵੇਰੇ ਨੌਂ ਵਜੇ।”
ਸ਼ਰਾਬੀ (ਫਿਰ ਫੋਨ ਕਰ ਕੇ), ‘‘ਤੇਰੀ ਦੁਕਾਨ ਕਦੋਂ ਖੁੱਲ੍ਹੇਗੀ?”
ਮਾਲਕ ਬੋਲਿਆ, ‘‘ਓਏ! ਕਿੰਨੀ ਵਾਰ ਦੱਸਾਂ, ਸਵੇਰੇ ਨੌਂ ਵਜੇ ਦੁਕਾਨ ਖੱਲ੍ਹੇਗੀ, ਸਵੇਰੇ ਨੌਂ ਵਜੇ ਆਵੀਂ।”
ਸ਼ਰਾਬੀ ਬੋਲਿਆ, ‘‘ਮੈਂ ਤੇਰੀ ਦੁਕਾਨ ਦੇ ਅੰਦਰੋਂ ਬੋਲ ਰਿਹਾ ਹਾਂ।”
ਠੇਕੇ ਵਾਲਾ ਉਸ ਨੂੰ ਕੱਢਣ ਲਈ ਗਿਆ, ਦੁਕਾਨ ਖੋਲ੍ਹੀ ਤਾਂ ਸ਼ਰਾਬੀ ਪਿੱਛੋਂ ਆਇਆ ਤੇ ਬੋਲਿਆ, ‘‘ਯਾਰ! ਦੁਕਾਨ ਖੋਲ੍ਹ ਹੀ ਦਿੱਤੀ ਹੈ ਤਾਂ ਇੱਕ ਕੁਆਰਟਰ ਸ਼ਰਾਬ ਦਾ ਦੇ ਦੇ।”

*******

ਪਲਸ ਪੋਲੀਓ ਟੀਮ ਘਰ ਆਈ ਤਾਂ ਗੁਲਸ਼ਨ ਵਹੁਟੀ ਨੂੰ ਬੋਲਿਆ, ‘‘ਬੰਦੂਕ ਅਤੇ ਕਾਰਤੂਸ ਕਿੱਥੇ ਹਨ?”
ਸਿਹਟ ਵਿਭਾਗ ਦੀ ਟੀਮ ਪਿੱਛੇ ਭੱਜੀ ਤਾਂ ਗੁਲਸ਼ਨ ਨੇ ਆਵਾਜ਼ ਦਿੱਤੀ, ‘‘ਰੁਕ ਜਾਓ! ਜਾਂਦੇ ਕਿੱਥੇ ਹੋ, ਇਹ ਸਾਡੇ ਬੱਚਿਆਂ ਦੇ ਨਾਂਅ ਹਨ।”

*******

ਸ਼ਾਮ ਨੇ ਪ੍ਰਵੀਨ ਨੂੰ ਪੁੱਛਿਆ, ‘‘ਕੀ ਤੁਹਾਨੂੰ ਪਤਾ ਹੈ ਕਿ ਹਿਪਨੋਟਾਈਜ਼ ਕਰਨਾ ਕੀ ਹੁੰਦਾ ਹੈ?”
ਪ੍ਰਵੀਨ, ‘‘ਇਸ ਦਾ ਅਰਥ ਹੈ ਕਿਸੇ ਨੇ ਆਪਣੇ ਵੱਸ ਵਿੱਚ ਕਰ ਕੇ ਆਪਣੇ ਇਸ਼ਾਰਿਆਂ ਉੱਤੇ ਨਚਾਉਣਾ।”
ਸ਼ਾਮ, ‘‘ਚੱਲ ਝੂਠ, ਉਸ ਨੂੰ ਤਾਂ ਵਿਆਹ ਕਹਿੰਦੇ ਹਨ।”

*******

ਬੌਸ (ਗੁੱਸੇ ਵਿੱਚ), ‘‘ਕੀ ਤੂੰ ਕਦੀ ਗਧਾ ਦੇਖਿਆ ਹੈ?”
ਪੱਪੂ (ਸਿਰ ਹੇਠਾਂ ਕਰ ਕੇ), ‘‘ਨਹੀਂ ਸਰ।”
ਬੌਸ, ‘‘ਹੇਠਾਂ ਕੀ ਦੇਖ ਰਿਹੈਂ, ਮੇਰੇ ਵੱਲ ਦੇਖ।”

*******



# ਨੂਪੁਰ ਸ਼ਰਮਾ ਦੇ ਹੱਕ ਵਿੱਚ ਹਿੰਦੂ ਹੋਏ ਇਕੱਠੇ

## ਹਿੰਦੂ ਸਮੂਹਾਂ ਨੇ ਦਿੱਲੀ ਦੀ ਰੈਲੀ 'ਚ ਮੁਸਲਮਾਨਾਂ ਨੂੰ 'ਚੇਤਾਵਨੀ' ਜਾਰੀ ਕੀਤੀ

ਨਵੀਂ ਦਿੱਲੀ-ਹੱਥਾਂ ਵਿੱਚ ਭਗਵੇਂ ਝੰਡੇ ਅਤੇ ਹਵਾ ਵਿੱਚ 'ਜੈ ਸ਼੍ਰੀ ਰਾਮ' ਦੇ ਨਾਅਰੇ ਲੈ ਕੇ ਵੱਖ-ਵੱਖ ਹਿੰਦੂ ਸੱਜੇ ਪੱਖੀ ਸਮੂਹਾਂ ਦੇ ਮੈਂਬਰਾਂ ਨੇ ਮੱਧ ਦਿੱਲੀ ਦੀਆਂ ਸੜਕਾਂ 'ਤੇ ਮਾਰਚ ਕੀਤਾ।ਭਾਜਪਾ ਦੀ ਬੁਲਾਰਾ ਨੂਪੁਰ ਸ਼ਰਮਾ ਵੱਲੋਂ ਪੈਗੰਬਰ ਬਾਰੇ ਕੀਤੀ ਗਈ ਅਪਮਾਨਜਨਕ ਟਿੱਪਣੀ ਤੋਂ ਬਾਅਦ, ਭਾਰਤ ਦੇ ਵੱਖ-ਵੱਖ ਰਾਜਾਂ ਵਿੱਚ ਹਿੰਸਕ ਪ੍ਰਦਰਸ਼ਨਾਂ ਦੀ ਇੱਕ ਲੜੀ ਦੇਖਣ ਨੂੰ ਮਿਲੀ।"ਸੰਕਲਪ ਮਾਰਚ" ਦੇ ਬੈਨਰ ਹੇਠ ਸ਼ਰਮਾ ਦੀ ਹਮਾਇਤ ਵਿੱਚ ਰਾਜਧਾਨੀ ਭਰ ਦੇ ਹਿੰਦੂਤਵੀ ਸਮੂਹ ਇਕੱਠੇ ਹੋਏ।ਉਨ੍ਹਾਂ ਦਾ ਮਾਰਚ ਮੰਡੀ ਹਾਊਸ ਤੋਂ ਸ਼ੁਰੂ ਹੋ ਕੇ ਜੰਤਰ-ਮੰਤਰ ਤੱਕ ਗਿਆ, ਜਿੱਥੇ ਆਗੂਆਂ ਦੇ ਭਾਸ਼ਣ ਦੇਣ ਲਈ ਸਟੇਜ ਤਿਆਰ ਕੀਤੀ ਗਈ ਸੀ। ਇਸ ਮਾਰਚ ਦਾ ਸੱਦਾ ਵਿਸ਼ਵ ਹਿੰਦੂ ਪ੍ਰੀਸ਼ਦ ਨੇ ਦਿੱਤਾ ਸੀ। ਵੀਐਚਪੀ ਦੇ ਰਾਸ਼ਟਰੀ ਪ੍ਰਧਾਨ ਸਮੇਤ ਸੰਗਠਨ ਦੇ ਹੋਰ ਆਗੂ ਮੌਜੂਦ ਸਨ।ਮਰਦ, ਔਰਤਾਂ ਅਤੇ ਬੱਚੇ ਹਿੰਦੂਤਵ ਦੇ ਗੀਤਾਂ ਦੀ ਧੁਨ 'ਤੇ ਨੱਚਦੇ ਰਹੇ। ਲਕਸ਼ਮੀ ਦੂਬੇ ਵਰਗੀਆਂ ਪ੍ਰਸਿੱਧ ਹਿੰਦੂਤਵੀ ਹਸਤੀਆਂ ਦੇ ਗੀਤ ਚਲਾਏ ਗਏ, ਜਿਸ ਵਿੱਚ 'ਏਕ ਹੀ ਨਾਰਾ, ਏਕ ਹੀ ਨਾਮ, ਜੈ ਸ਼੍ਰੀ ਰਾਮ, ਜੈ ਸ਼੍ਰੀ ਰਾਮ' ਸ਼ਾਮਲ ਸਨ। ਉੱਥੇ ਮੌਜੂਦ ਜ਼ਿਆਦਾਤਰ ਲੋਕ 18-25 ਸਾਲ ਦੀ ਉਮਰ ਦੇ ਜਾਪਦੇ ਸਨ।ਰੈਲੀ ਵਿੱਚ ਵਰਤੇ ਗਏ ਕੁਝ ਨਾਅਰਿਆਂ ਨੂੰ ਹਥਿਆਰਾਂ ਦੇ ਸੱਦੇ ਵਜੋਂ ਦੇਖਿਆ ਜਾ ਸਕਦਾ ਹੈ, ਜਿਵੇਂ ਕਿ "ਜੇ ਲੋੜ ਪਈ ਤਾਂ ਅਸੀਂ ਤਲਵਾਰਾਂ ਚੁੱਕਾਂਗੇ"। ਵੀਐਚਪੀ ਦੇ ਦਿੱਲੀ ਪ੍ਰਧਾਨ ਕਪਿਲ ਖੰਨਾ ਨੇ ਕਿਹਾ। "ਜਦੋਂ ਅਸੀਂ ਆਪਣੇ ਪਵਿੱਤਰ ਸਥਾਨ ਤੋਂ ਬਾਹਰ ਨਿਕਲਦੇ ਹਾਂ, ਸਾਡੇ ਹੱਥਾਂ ਵਿੱਚ ਪ੍ਰਸ਼ਾਦ ਅਤੇ ਫੁੱਲ ਹੁੰਦੇ ਹਨ। ਜਦੋਂ ਉਹ (ਮੁਸਲਮਾਨਾਂ ਦਾ ਹਵਾਲਾ) ਆਪਣੀਆਂ ਮਸਜਿਦਾਂ ਅਤੇ ਮਦਰੱਸਿਆਂ ਤੋਂ ਬਾਹਰ ਨਿਕਲਦੇ ਹਨ, ਤਾਂ ਉਨ੍ਹਾਂ ਕੋਲ ਪੱਥਰ ਅਤੇ ਤਲਵਾਰਾਂ ਹੁੰਦੀਆਂ ਹਨ'।



ਮਾਰਚ ਆਪਣੇ ਉਦੇਸ਼ ਬਾਰੇ ਸਪੱਸ਼ਟ ਸੀ - "ਇੱਕ ਚੇਤਾਵਨੀ ਜਾਰੀ ਕਰਨਾ"।

"ਅੱਜ ਅਸੀਂ ਮੁਸਲਮਾਨਾਂ ਨੂੰ ਆਖਰੀ ਚੇਤਾਵਨੀ ਦੇਣ ਲਈ ਇਕੱਠੇ ਹੋਏ ਹਾਂ। ਜੇਕਰ ਹੁਣ ਹਿੰਦੂਆਂ 'ਤੇ ਹਮਲੇ ਹੁੰਦੇ ਹਨ, ਤਾਂ ਅਸੀਂ ਵੱਡੀ ਗਿਣਤੀ ਵਿੱਚ ਸੜਕਾਂ 'ਤੇ ਆਵਾਂਗੇ ਅਤੇ ਸ਼ਾਂਤੀ ਲਈ ਹੋਰ ਕੋਈ ਅਪੀਲ ਨਹੀਂ ਹੋਵੇਗੀ, "ਖੰਨਾ ਨੇ ਕਿਹਾ।ਸਟੇਜ 'ਤੇ ਜਦੋਂ ਮੁਸਲਿਮ ਵਿਰੋਧੀ ਭੜਕਾਊ ਭਾਸ਼ਣ ਦੇਣ ਦੀ ਕੋਸ਼ਿਸ਼ ਕੀਤੀ ਗਈ ਤਾਂ ਮਾਰਚ ਦਾ ਸੱਦਾ ਦੇਣ ਵਾਲੇ ਨੇਤਾਵਾਂ ਨੇ ਦਖਲ ਦੇ ਕੇ ਉਨ੍ਹਾਂ ਨੂੰ ਰੋਕਿਆ।ਮੁਸਲਮਾਨਾਂ ਨੂੰ "ਫ੍ਰੀਲੋਡਰ" ਕਹਿੰਦੇ ਹੋਏ, ਸੰਤ ਸੀਯਾਰਾਮ ਸਰਸਵਤੀ, ਜੋ ਵੀਐਚਪੀ ਦੇ ਮੈਂਬਰ ਵੀ ਹਨ, ਨੇ 'ਦ ਵਾਇਰ' ਨੂੰ ਕਿਹਾ, "ਇਹ ਲੋਕ ਦੇਸ਼ ਨਾਲ ਬੇਵਫ਼ਾਈ ਕਰਦੇ ਹਨ। ਜਦੋਂ ਕਰੋੜਾਂ ਦੇ ਟੀਕੇ ਦਿੱਤੇ ਜਾ ਰਹੇ ਹਨ, ਜਦੋਂ ਰਾਸ਼ਨ ਵੰਡਿਆ ਜਾਵੇਗਾ, ਇਹ ਲੋਕ ਉਨ੍ਹਾਂ ਨੂੰ ਫੜਨ ਲਈ ਸਭ ਤੋਂ ਪਹਿਲਾਂ ਲਾਈਨ ਵਿੱਚ ਹੋਣਗੇ। ਅਤੇ ਫਿਰ ਦੇਸ਼ ਵਿੱਚ ਸ਼ਾਂਤੀ ਅਤੇ ਸਦਭਾਵਨਾ ਨੂੰ ਨੁਕਸਾਨ ਪਹੁੰਚਾਦੇ ਹਨ।

# ਭਾਰਤ ਵਿੱਚ ਅਣ ਐਲਾਨੀ ਐਮਰਜੈਂਸੀ ਹੈ:ਤੇਲੰਗਾਨਾ ਮੁੱਖ ਮੰਤਰੀ




ਨਵੀਂ ਦਿੱਲੀ- ਤੇਲੰਗਾਨਾ ਦੇ ਮੁੱਖ ਮੰਤਰੀ ਕੇ ਚੰਦਰਸ਼ੇਖਰ ਰਾਓ ਨੇ ਕਿਹਾ ਹੈ ਕਿ ਭਾਰਤ ਵਿੱਚ ਅਣਐਲਾਨੀ ਐਮਰਜੈਂਸੀ ਹੈ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਦੇਸ਼ ਦਾ ਸਭ ਤੋਂ ਕਮਜ਼ੋਰ ਅਤੇ ਅਕੁਸ਼ਲ ਪ੍ਰਧਾਨ ਮੰਤਰੀ ਦੱਸਿਆ ਹੈ।ਕੇ ਚੰਦਰਸ਼ੇਖਰ ਰਾਓ ਨੇ ਨਵੀਂ ਦਿੱਲੀ ਵਿੱਚ ਇੱਕ ਪ੍ਰੈਸ ਬ੍ਰੀਫਿੰਗ ਦੌਰਾਨ ਕਿਹਾ, "ਇੰਦਰਾ ਗਾਂਧੀ ਦਾ ਧੰਨਵਾਦ, ਉਹ ਐਮਰਜੈਂਸੀ ਦਾ ਐਲਾਨ ਕਰਨ ਲਈ ਕਾਫ਼ੀ ਦਲੇਰ ਸੀ," ਰਾਓ ਨੇ ਕਿਹਾ।"ਇਹ ਸਿੱਧਾ ਸੀ, ਐਮਰਜੈਂਸੀ ਘੋਸ਼ਿਤ ਕੀਤੀ ਗਈ ਸੀ। ਪਰ ਅੱਜ ਭਾਰਤ ਵਿੱਚ ਇੱਕ ਅਣਐਲਾਨੀ ਐਮਰਜੈਂਸੀ ਹੈ।ਪੀਟੀਆਈ ਦੇ ਅਨੁਸਾਰ, ਉਸਨੇ ਇਹ ਵੀ ਕਿਹਾ ਕਿ ਕੇਂਦਰ ਵਿੱਚ "ਦੋਹਰੇ ਇੰਜਣ ਵਾਲੀ ਗੈਰ-ਭਾਜਪਾ ਸਰਕਾਰ" ਦੀ ਲੋੜ ਹੈ।ਰਾਓ ਨੇ ਨੌਜਵਾਨਾਂ ਅਤੇ ਸਮਾਜ ਦੇ ਹੋਰ ਵਰਗਾਂ ਨੂੰ ਭਾਜਪਾ ਨੂੰ ਬਾਹਰ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਇਹ ਦੇਸ਼ ਨੂੰ ਬਚਾਉਣ ਦਾ ਇੱਕੋ ਇੱਕ ਰਸਤਾ ਹੈ।ਉਸਨੇ ਅੱਗੇ ਕਿਹਾ: "ਕਾਂਗਰਸ ਦੇ ਰਾਜ ਦੌਰਾਨ, ਦਿਮਾਗੀ ਨਿਕਾਸ ਸੀ। ਹੁਣ, ਸਰਕਾਰ ਦੀਆਂ ਨੀਤੀਆਂ ਨਾਲ, ਪੂੰਜੀ ਦਾ ਨਿਕਾਸ ਹੋ ਰਿਹਾ ਹੈ, ਨਤੀਜੇ ਵਜੋਂ ਵਿਦੇਸ਼ੀ ਮੁਦਰਾ ਭੰਡਾਰ ਘਟ ਰਿਹਾ ਹੈ।"ਰਾਓ ਨੇ ਹੁਣੇ-ਹੁਣੇ ਮੁਅੱਤਲ ਭਾਜਪਾ ਨੇਤਾ ਨੂਪੁਰ ਸ਼ਰਮਾ ਅਤੇ ਪੈਗੰਬਰ ਮੁਹੰਮਦ 'ਤੇ ਉਸ ਦੀਆਂ ਅਪਮਾਨਜਨਕ ਟਿੱਪਣੀਆਂ 'ਤੇ ਸੁਪਰੀਮ ਕੋਰਟ ਦੀਆਂ ਟਿੱਪਣੀਆਂ ਬਾਰੇ ਵੀ ਗੱਲ ਕੀਤੀ।ਉਨ੍ਹਾਂ ਜਸਟਿਸ ਸੂਰਿਆ ਕਾਂਤ ਅਤੇ ਜੇਬੀ ਪਾਰਦੀਵਾਲਾ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਭਾਰਤ ਨੂੰ ਬਚਾਉਣ ਲਈ ਇਹੀ ਜਜ਼ਬਾ ਰੱਖਣਾ ਹੋਵੇਗਾ।"ਜਸਟਿਸ ਸੂਰਿਆ ਕਾਂਤ ਅਤੇ ਜਸਟਿਸ ਪਾਰਦੀਵਾਲਾ, ਮੈਂ ਤੁਹਾਨੂੰ ਸਲਾਮ ਕਰਦਾ ਹਾਂ," ਉਸਨੇ ਕਿਹਾ। "ਨਿਆਂਪਾਲਿਕਾ ਨੇ ਦੇਸ਼ ਨੂੰ ਇਨ੍ਹਾਂ ਗੱਦਾਰਾਂ, ਦਾਨਵਾਂ ਅਤੇ ਤਾਨਾਸ਼ਾਹਾਂ ਤੋਂ ਬਚਾਉਣਾ ਹੈ।"






# ਅਗਲੇ ਸਾਲ ਚੀਨ ਨੂੰ ਪਿੱਛੇ ਛੱਡ ਦੇਵਾਂਗੇ

ਨਵੀਂ ਦਿੱਲੀ : ਸੰਸਾਰ ਦੀ ਆਬਾਦੀ 15 ਨਵੰਬਰ ਤੱਕ 8 ਅਰਬ ਹੋ ਜਾਵੇਗੀ ਅਤੇ 2023 ਵਿਚ ਭਾਰਤ ਚੀਨ ਨੂੰ ਪਿੱਛੇ ਛੱਡ ਦੇਵੇਗਾ। ਇਹ ਖੁਲਾਸਾ ਸੰਯੁਕਤ ਰਾਸ਼ਟਰ ਵੱਲੋਂ 2022 ਦੀ ਰਿਪੋਰਟ ਵਿਚ ਕੀਤਾ ਹੈ। ਰਿਪੋਰਟ ਮੁਤਾਬਕ 2030 ਤੱਕ ਸੰਸਾਰ ਦੀ ਆਬਾਦੀ ਕਰੀਬ ਸਾਢੇ 8 ਅਰਬ, 2050 ਵਿਚ ਕਰੀਬ 9 ਅਰਬ 70 ਕਰੋੜ ਅਤੇ 2100 ਵਿਚ ਕਰੀਬ 10 ਅਰਬ 40 ਕਰੋੜ ਹੋ ਜਾਵੇਗੀ। ਇਸ ਵੇਲੇ ਹਰ ਮਿੰਟ 270 ਬੱਚੇ ਜਨਮ ਲੈ ਰਹੇ ਹਨ। ਆਬਾਦੀ ਵਿਚ ਵਾਧੇ ਦਾ ਕਾਰਨ ਮੌਤ ਦਰ ਵਿਚ ਕਮੀ ਤੇ ਉਮਰ ਹੱਦ ਵਿਚ ਵਾਧਾ ਹੈ। 2019 ਵਿਚ ਔਸਤ ਉਮਰ 72.8 ਸਾਲ ਹੋ ਗਈ ਸੀ, ਜੋ ਕਿ 1990 ਤੋਂ 9 ਸਾਲ ਵੱਧ ਹੈ। ਮੌਤ ਦਰ ਵਿਚ ਕਮੀ ਨਾਲ 2050 ਵਿਚ ਔਸਤ ਉਮਰ ਕਰੀਬ 77.2 ਸਾਲ ਹੋ ਜਾਣ ਦੀ ਗੱਲ ਕਹੀ ਗਈ ਹੈ। ਔਰਤ ਦੀ ਉਮਰ ਹੱਦ 73.8 ਸਾਲ ਹੋ ਗਈ ਹੈ, ਜਦਕਿ ਮਰਦ ਦੀ 68.4 ਸਾਲ। ਮਹਿਲਾਵਾਂ ਦੇ ਵੱਧ ਜਿਊਣ ਨੂੰ ਸਾਰੇ ਖਿੱਤਿਆਂ ਤੇ ਦੇਸ਼ਾਂ ਵਿਚ ਨੋਟ ਕੀਤਾ ਗਿਆ ਹੈ। ਲਾਤੀਨੀ ਅਮਰੀਕਾ ਤੇ ਕੈਰੀਬੀਅਨ ਦੇਸ਼ਾਂ ਵਿਚ ਇਹ ਉਮਰ 7 ਸਾਲ ਵਧੀ ਹੈ, ਜਦਕਿ ਆਸਟ੍ਰੇਲੀਆ ਤੇ ਨਿਊ ਜ਼ੀਲੈਂਡ ਵਿਚ 2.9 ਸਾਲ। 2021 ਵਿਚ ਮਹਿਲਾ ਔਸਤਨ 2.3 ਬੱਚਿਆਂ ਨੂੰ ਜਨਮ ਦਿੰਦੀ ਸੀ, ਜਦਕਿ 1950 ਵਿਚ ਲੱਗਭੱਗ 5 ਬੱਚਿਆਂ ਨੂੰ ਜਨਮ ਦਿੰਦੀ ਸੀ। 2050 ਵਿਚ ਇਹ ਔਸਤ 2.1 ਜਨਮ ਹੋਣ ਦੀ ਗੱਲ ਰਿਪੋਰਟ ਵਿਚ ਕਹੀ ਗਈ ਹੈ ਇਸ ਵੇਲੇ ਸੰਸਾਰ ਵਿਚ ਮਰਦ 50.3 ਫੀਸਦੀ ਤੇ ਮਹਿਲਾਵਾਂ 49.7 ਫੀਸਦੀ ਹਨ । 2050 ਵਿਚ ਦੋਨੋਂ ਬਰਾਬਰ ਹੋ ਜਾਣਗੇ। 2018 ਵਿਚ 65 ਸਾਲ ਤੋਂ ਉਤਲੇ ਬਜ਼ੁਰਗਾਂ ਦੀ ਗਿਣਤੀ ਪੰਜ ਸਾਲ ਤੋਂ ਛੋਟੇ ਬੱਚਿਆਂ ਨਾਲੋਂ ਵਧ ਗਈ ਸੀ। 2022 ਵਿਚ 65 ਸਾਲ ਤੋਂ ਉਤਲੇ ਬਜ਼ੁਰਗ 77 ਕਰੋੜ 10 ਲੱਖ ਸਨ, ਜਦਕਿ 1980 ਵਿਚ 25 ਕਰੋੜ 80 ਲੱਖ ਸਨ। 2030 ਤੱਕ ਬਜ਼ੁਰਗਾਂ ਦੀ ਆਬਾਦੀ 99 ਕਰੋੜ 40 ਲੱਖ ਤੇ 2050 ਤਕ ਇਕ ਅਰਬ 60 ਕਰੋੜ ਹੋ ਜਾਣ ਦੀ ਗੱਲ ਕਹੀ ਗਈ ਹੈ । ਇਸ ਤਰ੍ਹਾਂ 2050 ਵਿਚ 65 ਸਾਲ ਤੋਂ ਉਤਲੇ ਬਜ਼ੁਰਗ ਪੰਜ ਸਾਲ ਤੋਂ ਛੋਟੇ ਬੱਚਿਆਂ ਨਾਲੋਂ ਦੁਗਣੇ ਤੋਂ ਵੱਧ ਹੋ ਜਾਣਗੇ ।

## ਕਸ਼ਮੀਰ ਮਸਲੇ ਤੇ ਈਰਾਨ ਸਾਡੇ ਨਾਲ:ਸਹਿਬਾਜ਼ ਸ਼ਰੀਫ

ਇਸਲਾਮਾਬਾਦ- ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ ਨੇ ਈਰਾਨ ਦੇ ਰਾਸ਼ਟਰਪਤੀ ਇਬਰਾਹਿਮ ਰਾਇਸੀ ਨਾਲ ਟੈਲੀਫੋਨ 'ਤੇ ਗੱਲਬਾਤ ਕੀਤੀ ਅਤੇ ਕਸ਼ਮੀਰ ਦੇ ਮੁੱਦੇ 'ਤੇ ਪਾਕਿਸਤਾਨ ਨੂੰ ਤਹਿਰਾਨ ਦੇ ਦ੍ਰਿੜ ਸਮਰਥਨ ਦੀ ਸ਼ਲਾਘਾ ਕੀਤੀ ਤੇ ਕਿਹਾ ਕਸ਼ਮੀਰ ਮਸਲੇ ਤੇ ਈਰਾਨ ਸਾਡੇ ਨਾਲ ਹੈ। ਗੱਲਬਾਤ ਦੌਰਾਨ ਦੋਹਾਂ ਨੇਤਾਵਾਂ ਨੇ ਈਦ ਦੀਆਂ ਮੁਬਾਰਕਾਂ ਅਤੇ ਦੁਵੱਲੇ ਸਬੰਧਾਂ 'ਤੇ ਵਿਚਾਰਾਂ ਦਾ ਅਦਾਨ-ਪ੍ਰਦਾਨ ਵੀ ਕੀਤਾ। ਰਾਸ਼ਟਰਪਤੀ ਰਾਇਸੀ ਨੇ ਈਦ ਦੀਆਂ ਮੁਬਾਰਕਾਂ ਲਈ ਪ੍ਰਧਾਨ ਮੰਤਰੀ ਦਾ ਧੰਨਵਾਦ ਕੀਤਾ ਅਤੇ ਵਪਾਰਕ ਸਬੰਧਾਂ ਨੂੰ ਹੋਰ ਡੂੰਘਾ ਕਰਨ ਵਿੱਚ ਈਰਾਨ ਦੇ ਸਹਿਯੋਗ ਦਾ ਭਰੋਸਾ ਦਿੱਤਾ, ਖਾਸ ਕਰਕੇ ਮਕਰਾਨ ਡਿਵੀਜ਼ਨ ਨੂੰ ਬਿਜਲੀ ਦੀ ਵਿਵਸਥਾ। ਦੋਵਾਂ ਪਤਵੰਤਿਆਂ ਨੇ ਇੱਕ ਦੂਜੇ ਨੂੰ ਇੱਕ ਦੂਜੇ ਦੇ ਦੇਸ਼ਾਂ ਦਾ ਦੌਰਾ ਕਰਨ ਦਾ ਸੱਦਾ ਵੀ ਦਿੱਤਾ।

## ਕੰਵਰ ਗਰੇਵਾਲ ਦਾ 'ਰਿਹਾਈ' ਗੀਤ ਭਾਰਤ 'ਚ ਯੂਟਿਊਬ ਤੋਂ ਹਟਾਇਆ ਗਿਆ, ਸਿੱਖ ਕੈਦੀਆਂ ਬਾਰੇ ਸੀ ਗਾਣਾ



ਦਿੱਲੀ:-ਪੰਜਾਬੀ ਗਾਇਕ ਕੰਵਰ ਗਰੇਵਾਲ ਦੇ ਹਾਲ ਹੀ ਵਿੱਚ ਰਿਲੀਜ਼ ਹੋਏ ਗਾਣੇ 'ਰਿਹਾਈ' ਨੂੰ ਭਾਰਤ ਵਿੱਚ ਯੂਟਿਊਬ ਵੱਲੋਂ ਸਰਕਾਰ ਦੀ ਸ਼ਿਕਾਇਤ ਤੋਂ ਬਾਅਦ ਹਟਾ ਦਿੱਤਾ ਗਿਆ ਹੈ।

ਕੰਵਰ ਗਰੇਵਾਲ ਦਾ ਇਹ ਗਾਣਾ ਸਿੱਖ ਕੈਦੀਆਂ ਦੀ ਰਿਹਾਈ ਦੀ ਮੰਗ ਕਰਦਾ ਹੈ। 'ਰਿਹਾਈ' ਗਾਣੇ ਦੇ ਬੋਲਾਂ ਵਿੱਚ ਗਰੇਵਾਲ ਕਹਿੰਦੇ ਹਨ, ''ਅਸੀਂ ਕਿਹੜਾ ਥੋਂਥੋ ਬਾਦਸ਼ਾਹੀ ਮੰਗ ਰਹੇ ਆ, ਅਸੀਂ ਬੰਦੀ ਸਿੰਘਾਂ ਦੀ ਰਿਹਾਈ ਮੰਗ ਰਹੇ ਆ।''

'ਰਿਹਾਈ' ਗਾਣਾ 2 ਜੁਲਾਈ ਨੂੰ ਕੰਵਰ ਗਰੇਵਾਲ ਦੇ ਅਧਿਕਾਰਿਤ ਯੂਟਿਊਬ ਚੈਨਲ ਉੱਪਰ ਰਿਲੀਜ਼ ਕੀਤਾ ਗਿਆ ਸੀ ਜਿਸ ਨੂੰ ਗੀਤਕਾਰ ਵਰੀ ਰਾਏ ਨੇ ਲਿਖਿਆ ਹੈ। ਗਾਣੇ ਦੀ ਵੀਡੀਓ ਵਿੱਚ ਸਿੱਖ ਕੈਦੀਆਂ ਦੇ ਪੋਸਟਰ ਅਤੇ ਰਿਹਾਈ ਲਈ ਹੋ ਰਹੇ ਪ੍ਰਦਰਸ਼ਨਾਂ ਨੂੰ ਵੀ ਦਿਖਾਇਆ ਗਿਆ ਹੈ।

ਇਸ ਤੋਂ ਇਲਾਵਾ ਪੰਜਾਬ ਨਾਲ ''ਵਿਤਕਰਾ'', 1947 ਦੀ ਵੰਡ ਦੀ ਪੀੜ ਅਤੇ 1984 ਦੇ ਸਿੱਖ ਵਿਰੋਧੀ ਕਤਲੇਆਮ ਦੇ ਪੀੜਤਾਂ ਲਈ ਇਨਸਾਫ਼ ਮੰਗਦੇ ਲੋਕ ਦਿਖਾਈ ਦੇ ਰਹੇ ਹਨ।

So Easy
ਲਰਨਿੰਗ ਲਾਇਸੈਂਸ
ਕਾਰ, ਟਰੱਕ/ ਮੋਟਰਸਾਈਕਲ
ਟੈਕਸੀ ਜਾਂ ਏਅਰ ਬਰੇਕ ਦਾ ਲਾਇਸੈਂਸ
ਪੰਜਾਬੀ ਵਿਚ ਲੈਣ ਲਈ ਸੰਪਰਕ ਕਰੋ

- **ਆਟੋਮੈਟਿਕ** ਹਾਈਵੇ ਟਰੱਕ-ਨੋ ਗੇਅਰ ਨੋ ਕਲੱਚ
- ਲੇਡੀਜ਼ ਵਾਸਤੇ ਸੁਨਹਿਰੀ ਮੌਕਾ, ਹੁਣ ਤੁਸੀਂ ਕਾਰ ਦੀ ਤਰ੍ਹਾਂ ਬਿਨਾ ਗੇਅਰਾਂ ਤੋਂ ਕਲਾਸ 1 ਦਾ ਲਾਇਸੈਂਸ ਲੈ ਸਕਦੇ ਹੋ
- ਜੇ ਟਰੱਕ ਦਾ ਲਾਇਸੈਂਸ ਲੈਣਾ ਚਾਹੁੰਦੇ ਹੋ ਪਰ ਅੰਗਰੇਜੀ ਨਹੀਂ ਆਉਂਦੀ ਜਾਂ ਘੱਟ ਆਉਂਦੀ ਹੈ ਬੁੱਕ ਦੇਖ ਕੇ ਘਬਰਾ ਜਾਂਦੇ ਹੋ ਤਾਂ ਡਰੋ ਨਾ, ਹੁਣੇ ਫੋਨ ਕਰੋ






LUCKY'S A to Z DRIVING SCHOOL
Lucky 604-614-5365
Unit 15 - 8388 128 St., Surrey

Open 24 Hours 7 Days a Week
ATLAS
ANIMAL HOSPITAL




- Animal Dermatology
- Pet Cardiology
- Pet Deworming
- Pet Ear Infection
- Pet Endocrine Diseases
- Pet Eye Infections
- Flea & Tick Control
- Pet Oral Infections
- Pet Allergies
- Pet Anal Gland Expression
- Vaccination
- Dental Cleaning
- Pet Grooming
- Nail Trimming
- Ear Cleaning
- Pet Boarding
- Puppy Training
- Veterinary Diets
- Behavioral Consultation
- Pet Identification
- End of Life

Dr. H. Bhullar
& Associates
Tel: 604-301-0300
5696 Fraser St, Vancouver, BC, V5W 2Z4
www.atlasvetsinvancouver.com

# ਕਹਾਣੀ

# ਮੰਗਤੀ



ਐਤਵਾਰ ਦਾ ਦਿਨ ਸੀ।ਕੇਸੀ ਇਸਨਾਨ ਕਰਕੇ ਵਿਹੜੇ ਵਿਚ ਬੈਠਾ ਨਿੱਘੀ ਧੁੱਪ ਦੇ ਨਾਲ ਨਾਲ ਹਥ ਵਿਚ ਪੰਜਾਬੀ ਕਵਿਤਾਵਾਂ ਦੀ ਕਿਤਾਬ ਵਿਚੋਂ ਵੱਖਰੇ ਸ਼ਾਇਰਾਂ ਦੀਆਂ ਸੁੰਦਰ ਨਜ਼ਮਾਂ ਪੜ ਰਿਹਾ ਸਾਂ ।ਮੇਰੇ ਸਾਹਮਣੇ ਇਕ ਕਵਿਤਾ ਸੀ "ਮੰਗਤੀ " ।

'ਰੋਟੀ ਦੇਵੋ ਰੋਟੀ ਦੇਵੋ, ਮੈ ਜਨਮਾਂ ਦੀ ਭੁਖੀ ਅੜੀਓ
ਰੋਟੀ ਦੇਵੋ ਰੋਟੀ ਦੇਵੋ'।

ਸ਼ਾਇਰ ਦਾ ਖਿਆਲ , ਤਸੱਵਰ , ਉਡਾਰੀ ਵੇਖੋ
ਜਦੋਂ ਮੰਗਤੀ ਨੂੰ ਰੋਟੀ ਨਾ ਮਿਲੀ ਮੰਗਤੀ ਬੋਲੀ
'ਮੈ ਮਹਿਮੂਦ ਨੂੰ ਜਨਮ ਦਿਆਂਗੀ
ਰੱਬ ਦਾ ਘਰ ਤੇ ਢਹਿ ਜਾਏਗਾ
ਭਾਵੇ ਇਕ ਟਕਾ ਹੀ ਸਈ
ਮੇਰੇ ਰੂਪ ਦਾ ਮੁੱਲ ਤੇ ਪੈ ਜਾਏਗਾ'

ਮੈ ਕਵਿਤਾਵਾਂ ਪੜਨ ਵਿੱਚ ਮਸਤ ਸਾਂ ਕਿ ਅਚਾਨਕ ਬਾਹਰ ਦਰਵਾਜੇ ਤੇ ਖੜਾਕ ਹੋਇਆ। ਮੈ ਬਾਹਰ ਤਕਿਆ ਇਕ 34-35 ਵਰਿਆਂ ਦੀ ਔਰਤ ਮੰਗਤੀ ਦੇ ਰੂਪ ਵਿਚ ਖੜੀ ਖਾਣ ਨੂੰ ਕੁਝ ਮੰਗ ਰਹੀ ਸੀ।

ਮੇਰਾ ਖਿਆਲ ਤਾਜ਼ੀ ਪੜੀ ਕਵਿਤਾ ਮੰਗਤੀ ਉਤੇ ਗਿਆ।ਮੇਰੇ ਚੇਤੇ ਵਿਚ ਮਹਾਰਾਣੀ ਜਿੰਦ ਕੌਰ ਵੀ ਆ ਗਈ ਕਿ ਕਿਵੇਂ ਤਖਤਾਂ ਤਾਜਾਂ ਦੀ ਮਾਲਿਕ ਨੂੰ ਵੀ ਭੀਖ ਮੰਗਣ ਲਈ ਮਜ਼ਬੂਰ ਹੋਣਾ ਪਿਆ।ਇਕ ਸ਼ਾਇਰ ਨੇ ਵੀ ਉਹ ਦਰਦ ਲਿਖਿਆ

'ਰਾਣੀ ਤੋਂ ਭੀਖ ਮੰਗਾ ਨੀ ਅੜੀਏ ਕੀ ਕੀਤਾ ਤਕਦੀਰੇ'।

ਸੋਚ ਰਿਹਾ ਸੀ ਕਈ ਵਾਰ ਮਜ਼ਬੂਰੀ ਵੀ ਇਨਸਾਨ ਨੂੰ ਭਿਖਾਰੀ ਬਨਣ ਲਈ ਮਜਬੂਰ ਕਰ ਸਕਦੀ। ਗੁਰਬਾਣੀ ਵਿਚ ਵੀ ਤਾਂ ਜਿਕਰ ਆਉਦਾ

"ਭੇਖਾਰੀ ਤੇ ਰਾਜੁ ਕਰਾਵੈ ਰਾਜਾ ਤੇ ਭੇਖਾਰੀ॥ "

ਮੈ ਬਾਹਰ ਆਇਆ ਮੰਗਤੀ ਨੂੰ ਅੰਦਰ ਆਉਣ ਨੂੰ ਕਿਹਾ।ਪਹਿਲਾਂ ਤਾਂ ਉਹ ਡਰੀ ਫਿਰ ਮੇਰੇ ਕਹਿਣ ਤੇ ਉਹ ਆ ਗਈ।ਮੈ ਸਰਦਾਰਨੀ ਨੂੰ ਕਿਹਾ ਕਿ ਉਹ ਥਾਲੀ ਵਿਚ ਰੋਟੀ ਲੈ ਕੇ ਆਵੇ।ਸਰਦਾਰਨੀ ਰੋਟੀ ਲੈ ਕੇ ਆਈ ਉਹਨੇ ਖਾ ਕੇ ਅਸੀਸਾ ਦਿਤੀਆ। ਮੈ ਪੁਛਿਆ ਤੇਰਾ ਕੀ ਨਾਮ ਹੈ।ਕਹਿੰਦੀ ਬਾਵੀ।

ਮੈ ਕਿਹਾ ਮੇਰੀ ਗਲ ਦਾ ਗੁਸਾ ਨਾ ਕਰੀ ਪ੍ਰਮਾਤਮਾ ਨੇ ਤੈਨੂੰ ਹਥ ਪੈਰ ਦਿਤੇ ਸੋਹਣਾ ਸਰੀਰ ਦਿਤਾ ਤੂੰ ਘਰ ਘਰ ਮੰਗਣ ਨਾਲੋ ਤਿੰਨ ਚਾਰ ਘਰਾਂ ਚ ਕੰਮ ਕਾਜ ਕਰ ਕੇ ਇਜੰਤ ਦੀ ਰੋਟੀ ਖਾ।ਮੇਰੇ ਵੱਲ ਤੱਕਿਆ ਤੇ ਉਹਨੇ ਅਖਾਂ ਭਰ ਲਈਆ ਮੈਨੂੰ ਇਉ ਲਗਾ ਜਿਵੇ ਉਹਦੇ ਜਖ਼ਮਾਂ ਤੇ ਮੈ ਉਗਲ ਰਖ ਦਿਤੀ ਹੋਵੇ। ਮੈ ਕਿਹਾ ਤੂੰ ਗਲ ਦਾ ਗੁਸਾ ਕੀਤਾ ਉਹਨੇ ਨਾਂਹ ਵਿਚ ਸਿਰ ਹਿਲਾਇਆ । ਉਹਨੇ ਹਉਕਾ ਜਿਹਾ ਲਿਆ ਕਹਿੰਦੀ ਸਾਹਿਬ ਇਜੰਤ ਦੀ ਰੋਟੀ ਕੌਣ ਨਹੀ ਖਾਣਾ ਚਾਹੁੰਦਾ ਉਹਨੇ ਆਪਣੇ ਤਨ ਤੇ ਹੰਡਾਈ ਆਪਣੀ ਦਰਦ ਭਰੀ ਕਹਾਣੀ ਸੁਨਾਉਣੀ ਸੁਰੂ ਕੀਤੀ

ਮੈ ਤੇ ਮੇਰਾ ਘਰਵਾਲਾ ਅਸੀ ਦੋਵੇ ਮੇਹਨਤ ਮਜਦੂਰੀ ਕਰ ਕੇ ਰੋਜ਼ੀ ਰੋਟੀ ਕਮਾ ਰਹੇ ਸਾਂ।ਮੇਰਾ ਪਤੀ ਦਾਣਾ ਮੰਡੀ ਮਜਦੂਰੀ ਕਰਦਾ ਸੀ।ਮੈ ਚਾਰ ਪੰਜ ਘਰਾਂ ਚ ਕੰਮ ਕਰਦੀ ਸੀ। ਕਿਸੇ ਦੇ ਭਾਡੇ ਕਿਸੇ ਦੇ ਕਪੜੇ ਕਿਸੇ ਘਰ ਸਫਾਈ ਕਿਸੇ ਘਰ ਰੋਟੀ ਪਕਾਉਣੀ ਜਿੰਦਗੀ ਠੀਕ ਚਲ ਰਹੀ ਸੀ ਅਸੀ ਦੋਵੇ ਖੁਸ਼ ਸਾਂ।

ਇਕ ਘਰ ਮੈ ਕੰਮ ਕਰਦੀ ਸਾਂ ।ਉਸ ਲਾਲੇ ਦੀ ਕਪੜੇ ਦੀ ਦੁਕਾਨ ਸੀ।ਉਸ ਦੀ ਪਤਨੀ ਬੜੀ ਨੇਕ ਦਿਲ ਸੀ ਬਹੁਤ ਪਿਆਰ ਕਰਦੀ ਸੀ ਮੈ ਉਹਦਾ ਕੰਮ ਭਜ ਭਜ ਕਰਦੀ ਸੀ।ਇਕ ਦਿਨ ਮੌਤ ਦਾ ਫਰਿਸ਼ਤਾ ਪੋਲੇ ਪੋਲੇ ਪੈਰੀ ਆ ਕੇ ਆਪਣੀ ਉਗਲ ਨਾਲ ਲਾ ਕੇ ਟੂਰ ਗਿਆ।ਕੁਝ ਮਹੀਨਿਆਂ ਬਾਅਦ ਲਾਲਾ ਜੀ ਨੇ ਗਰੀਬ ਘਰ ਦੀ ਲੜਕੀ ਵੇਖ ਕੇ ਸ਼ਾਦੀ ਕਰ ਲਈ।ਇਕ ਦਿਨ ਲਾਲਾ ਜੀ ਦੇ ਧੀ ਜਵਾਈ ਆਏ ਉਹਦੀ ਧੀ ਨੇ ਡਾਇਮੰਡ ਦੇ ਕੀਮਤੀ ਝੁੰਮਕੇ ਕੰਨ ਚੋ ਲਾਹ ਕੇ ਡਰੈਸਿੰਗ ਰੂਮ ਵਿਚ ਸ਼ੀਸੇ ਦੇ ਸਾਹਮਣੇ ਹੀ ਰਖ ਦਿਤੇ। ਮਾਲਕਣ ਨੂੰ ਝੁੰਮਕੇ ਵੇਖਦੇ ਮੈ ਆਪ ਤਕਿਆ ਮੈ ਘਰ ਹੀ ਕੰਮ ਕਰ ਰਹੀ ਸਾਂ ।

ਝੁੰਮਕੇ ਗਾਇਬ ਹੋ ਗਏ।ਧੀ ਨੇ ਮੈਨੂੰ ਪੁੱਛਿਆ ਮੈ ਕਿਹਾ ਹੁਣੇ ਬੀਬੀ ਜੀ ਦੇਖ ਰਹੇ ਸੀ।ਬੀਬੀ ਜੀ ਕੜਕ ਕੇ ਬੋਲੇ ਮੈ ਕਦੋ ਵੇਖੇ ਤੂੰ ਮੈਨੂੰ ਚੋਰ ਬਣਾ ਰਹੀ ਤੂੰ ਝੁੰਮਕੇ ਚੋਰੀ ਕੀਤੇ ਸਾਰਾ ਟਬਰ ਮੇਰੇ ਦੁਆਲੇ ਹੋ ਗਿਆ ਲਾਲਾ ਜੀ ਵੀ ਘਰ ਆ ਗਏ ਮੈ ਬੜੇ ਤਰਲੇ ਹਾੜੇ ਕਢੇ ਪਰ ਗਰੀਬ ਦੀ ਕੌਣ ਸੁਣਦਾ।ਮੈਨੂੰ ਪੁਲਿਸ ਦੇ ਹਵਾਲੇ ਕਰ ਦਿਤਾ।ਮੇਰੇ ਕੋਲ ਕੀ ਸੀ । ਪੁਲਿਸ ਨੇ ਮੈਨੂੰ ਨਿਰਵਸਤਰ ਕਰ ਕੇ ਕੁਟਿਆ ਮਾਰਿਆ ਤਸਦਦ ਕੀਤਾ ਮੇਰੇ ਪਤੀ ਨੂੰ ਖਬਰ ਮਿਲੀ ਉਹ ਥਾਣੇ ਆਇਆ ਮੈਨੂੰ ਨਿਰਵਸਤਰ ਤੇ ਸਰੀਰ ਤੇ ਲਾਸਾ ਵੇਖ ਕੇ ਉਹਦੀਆ ਭੁਬਾਂ ਨਿਕਲ ਗਇਆਂ ਉਹ ਉਚੀ ਉਚੀ ਪੁਕਾਰ ਰਿਹਾ ਸੀ ਮੇਰੀ ਬਾਵੀ ਚੋਰ ਨਹੀ ਗਰੀਬ ਦੀ ਸੁਨਣ ਵਾਲਾ ਕੋਈ ਨਹੀ ਸੀ ਉਹ ਮੇਰੀ ਬੇਜਤੀ ਬਰਦਾਸਾਤ ਨਾ ਕਰ ਸਕਿਆ ਉਸੇ ਦਿਨ ਗਡੀ ਥਲੇ ਆ ਕੇ ਖੁਦਕਸੀ ਕਰ ਲਈ।

ਤੀਸਰੇ ਦਿਨ ਲਾਲੇ ਦਾ ਧੀ ਜਵਾਈ ਥਾਣੇ ਆਏ ਉਹਨਾ ਮੈਨੂੰ ਪੁਲਿਸ ਦੇ ਚੁੰਗਲ ਚੋ ਬਚਾਇਆ ।ਉਹਨਾਂ ਪੁਲਿਸ ਨੂੰ ਦਸਿਆ ਕਿ ਝੁੰਮਕੇ ਸਾਡੀ ਮਤਰੇਈ ਮਾਂ ਕੋਲੋ ਮਿਲੇ ਇਸ ਵਿਚਾਰੀ ਨਾਲ ਬਹੁਤ ਧਕਾ ਹੋਇਆ ਇਸ ਦਾ ਸਾਨੂੰ ਅਫਸੋਸ ਹੈ।ਮੈ ਥਾਣੇ ਚੋ ਨਿਕਲੀ ਲਾਲੇ ਦੀ ਧੀ ਨੇ ਅਵਾਜ ਦੇ ਕੇ ਰੋਕ ਲਿਆ ਪਛਤਾਵੇ ਚ ਰੋਣ ਲਗੀ ਕਹਿੰਦੀ ਪਾਪਾ ਨੇ ਮਤਰੇਈ ਮਾਂ ਨੂੰ ਧਕੇ ਮਾਰ ਕੇ ਘਰੋ ਕਢ ਦਿਤਾ ਉਹਨੂੰ ਕੀਤੇ ਦੀ ਸਜਾ ਮਿਲ ਗਈ ਉਹ ਰੋ ਰੋ ਮਾਫੀ ਮੰਗ ਰਹੀ ਸੀ ਪਰ ਮੇਰੀ ਦੁਨੀਆ ਉਜੜ ਚੁਕੀ ਸੀ ਮੈ ਕੁਝ ਨਾ ਬੋਲੀ ਘਰ ਪਹੁੰਚੀ ਮੇਰੇ ਪਤੀ ਦੀ ਲਾਸ਼ ਮੇਰੇ ਸਾਹਮਣੇ ਪਈ ਸੀ ਮੈ ਵੀ ਮਰ ਜਾਣਾ ਚਾਹੁੰਦੀ ਸੀ

ਕਿਸ ਲਈ ਜੀਣਾ ਸੀ ਪਰ ਸਮਾਜ ਨੇ ਮਰਨ ਨਾ ਦਿੱਤਾ।ਅਜੇ ਮੇਰੇ ਪਤੀ ਦੀ ਚਿਤਾ ਵੀ ਠੰਡੀ ਨਹੀ ਸੀ ਹੋਈ ਕਿ ਦਰਿੰਦੇ ਸਮਾਜ ਦੇ ਹਵਸ ਦੇ ਪੁਜਾਰੀ ਭੌਰਿਆਂ ਵਾਗ ਮੰਡਰਾਉਣ ਲੱਗੇ।ਇਕ ਦਿਨ ਲਾਲਾ ਜੀ ਵੀ ਝੋਪੜੀ ਵਿਚ ਆਏ ਕਹਿਣ ਲਗੇ ਮੈ ਉਸ ਕਮੀਨੀ ਔਰਤ ਨੂੰ ਘਰੋਂ ਧਕੇ ਮਾਰ ਕੇ ਕਢ ਦਿਤਾ ।ਮੈ ਖਾਮੋਸ਼ ਰਹੀ ਅਗਲੇ ਹੀ ਪਲ ਕਹਿਣ ਲਗਾ ਤੈਨੂੰ ਕੰਮ ਕਰਨ ਦੀ ਲੋੜ ਨਹੀ ਮੈ ਤੈਨੂੰ ਮਹੀਨੇ ਦੇ ਪੈਸੇ ਦੇ ਦਿਆਂ ਕਰਾਗਾਂ ਇਸ ਬਦਲੇ ਤੈਨੂੰ ਮੇਰੀ ਹਵਸ ਪੂਰੀ ਕਰਨੀ ਪਵੇਗੀ ਮੈ ਲਾਲੇ ਨੂੰ ਨਿਕਲ ਜਾਣ ਲਈ ਕਿਹਾ। ਕਿਸ ਕਿਸ ਹਵਸ ਪੁਜਾਰੀ ਦੀ ਗਲ ਦਸਾਂ।

ਮੈ ਇਸ ਗੰਦੇ ਸਮਾਜ ਤੋਂ ਦੂਰ ਚਲੇ ਜਾਣਾ ਚਾਹੁੰਦੀ ਗਰੀਬ ਨੂੰ ਤਾ ਮੰਗਿਆ ਮੌਤ ਵੀ ਨਹੀ ਮਿਲਦੀ । ਪਾਪੀ ਪੇਟ ਨੂੰ ਝੁਲਸਾ ਦੇਣ ਲਈ ਦੋ ਰੋਟੀਆਂ ਮੰਗ ਕੇ ਖਾ ਲੈਦੀ ਹਾਂ। ਹਵਸ ਦੇ ਪੁਜਾਰੀਆ ਘਰ ਜਾਣ ਨਾਲੋਂ ਇਜ਼ਤ ਨਾਲ ਮੰਗ ਕੇ ਦੋ ਰੋਟੀਆ ਖਾਣੀਆ ਚੰਗੀਆ ਹਨ। ਉਹ ਉਠ ਕੇ ਤੁਰ ਪਈ ਉਸ ਤੁਰੀ ਜਾਂਦੀ ਮੰਗਤੀ ਦੇ ਪ੍ਰਛਾਵੇਂ ਦੇ ਅਕਸ ਨੂੰ ਤੱਕਦਾ ਮੰਗਤੀ ਦੀ ਸੋਚ ਨੂੰ ਸਲਾਮ ਕਰ ਰਿਹਾ ਸਾਂ।



**-ਢਾਡੀ ਕੁਲਜੀਤ ਸਿੰਘ**
**ਦਿਲਬਰ-425-524-1828**

# ਸਲਮਾਨ ਖ਼ਾਨ ਨੂੰ ਮਾਰਨ ਲਈ ਖ਼ਰੀਦੀ ਸੀ 4 ਲੱਖ ਦੀ ਰਾਈਫ਼ਲ

ਨਵੀਂ ਦਿੱਲੀ-ਗਾਇਕ ਸਿੱਧੂ ਮੂਸੇਵਾਲਾ ਦੀ ਹੱਤਿਆ ਦੇ ਮਾਮਲੇ 'ਚ ਪੁਲਿਸ ਦੀ ਜਾਂਚ ਦਾ ਸਾਹਮਣਾ ਕਰ ਰਹੇ ਗੈਂਗਸਟਰ ਲਾਰੈਂਸ ਬਿਸ਼ਨੋਈ ਨੇ ਪੁੱਛਗਿੱਛ ਦੌਰਾਨ ਖੁਲਾਸਾ ਕੀਤਾ ਹੈ ਕਿ ਉਹ 2018 'ਚ ਬਾਲੀਵੁੱਡ ਅਦਾਕਾਰ ਸਲਮਾਨ ਖ਼ਾਨ ਨੂੰ ਮਾਰਨਾ ਚਾਹੁੰਦਾ ਸੀ। ਦਿੱਲੀ ਪੁਲਿਸ ਦੇ ਵਿਸ਼ੇਸ਼ ਸੈੱਲ ਦੇ ਸੂਤਰਾਂ ਨੇ ਕਿਹਾ ਕਿ ਲਾਰੈਂਸ ਬਿਸ਼ਨੋਈ ਨੇ ਪੁਲਿਸ ਨੂੰ ਦੱਸਿਆ ਕਿ ਉਹ ਸਲਮਾਨ ਖ਼ਾਨ ਨੂੰ 1998 'ਚ ਕਾਲਾ ਹਿਰਨ ਦਾ ਸ਼ਿਕਾਰ ਕਰਨ ਦੇ ਬਦਲੇ ਵਜੋਂ ਮਾਰਨਾ ਚਾਹੁੰਦਾ ਸੀ। ਬਿਸ਼ਨੋਈ ਨੇ ਕਬੂਲ ਕੀਤਾ ਕਿ ਉਸ ਨੇ ਆਪਣੇ ਸਹਿਯੋਗੀ ਰਾਜਗੜ੍ਹ ਦੇ ਸੰਪਤ ਨੇਹਰਾ ਨੂੰ ਸਲਮਾਨ ਖ਼ਾਨ ਨੂੰ ਮਾਰਨ ਲਈ ਸੁਨੇਹਾ ਭੇਜਿਆ ਸੀ, ਜੋ ਉਸ ਸਮੇਂ ਭਗੌੜਾ ਸੀ। ਲਾਰੈਂਸ ਬਿਸ਼ਨੋਈ ਨੇ ਪੁਲਿਸ ਨੂੰ ਦੱਸਿਆ ਕਿ ਕਿ ਸੰਪਤ ਨੇਹਰਾ ਨੂੰ ਸਲਮਾਨ ਖ਼ਾਨ ਨੂੰ ਮਾਰਨ ਲਈ ਮੁੰਬਈ ਭੇਜਿਆ ਗਿਆ ਸੀ ਅਤੇ ਨੇਹਰਾ ਨੇ ਉਥੇ ਸਲਮਾਨ ਖ਼ਾਨ ਦੇ ਘਰ ਦੇ ਆਲੇ-ਦੁਆਲੇ ਦੀ ਰੇਕੀ ਵੀ ਕੀਤੀ ਸੀ।

ਬਿਸ਼ਨੋਈ ਨੇ ਦੱਸਿਆ ਕਿ ਨੇਹਰਾ ਕੋਲ ਉਸ ਸਮੇਂ ਸਿਰਫ ਪਿਸਤੌਲ ਸੀ ਅਤੇ ਉਸ ਕੋਲ ਲੰਬੀ ਦੂਰੀ ਵਾਲਾ ਕੋਈ ਹਥਿਆਰ ਨਹੀਂ ਸੀ, ਜਿਸ ਕਰਕੇ ਉਹ ਸਲਮਾਨ ਖ਼ਾਨ ਦੇ ਘਰ 'ਤੇ ਹਮਲਾ ਨਹੀਂ ਕਰ ਸਕਿਆ ਸੀ।

ਇਸ ਤੋਂ ਬਾਅਦ ਲਾਰੈਂਸ ਬਿਸ਼ਨੋਈ ਨੇ ਦਿਨੇਸ਼ ਡਾਗਰ ਨਾਂਅ ਦੇ ਇਕ ਵਿਅਕਤੀ ਜ਼ਰੀਏ ਆਰ.ਕੇ. ਸਪਰਿੰਗ ਰਾਈਫ਼ਲ ਦਾ ਆਰਡਰ ਦਿੱਤਾ, ਜੋ 4 ਲੱਖ ਦੀ ਖ਼ਰੀਦੀ ਗਈ। ਇਸ ਲਈ ਡਾਗਰ ਦੇ ਇਕ ਸਹਿਯੋਗੀ ਅਨਿਲ ਪਾਂਡੇ ਨੂੰ ਪੈਸੇ ਦਿੱਤੇ ਗਏ। ਇਹ ਰਾਈਫ਼ਲ ਬਾਅਦ 'ਚ 2018 'ਚ ਡਾਗਰ ਦੇ ਕਬਜ਼ੇ 'ਚੋਂ ਬਰਾਮਦ ਕੀਤੀ ਗਈ ਸੀ।




TRUTH IS THE HIGHEST OF ALL THINGS: HIGHER STILL IS TRUTHFUL LIVING- GURU NANAK DEV JI

AKALI SINGH SIKH SOCIETY

1890- SKEENA STREET, VANCOUVER, B.C., CANADA
PHONE (604) 254-2117, FAX: (604) 254-5309

ਦੇਗ ਤੇਗ ਫ਼ਤਿਹ

ਪੰਥ ਕੀ ਜੀਤ

14 ਜੁਲਾਈ, ਦਿਨ ਵੀਰਵਾਰ......ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।
15 ਜੁਲਾਈ, ਦਿਨ ਸ਼ੁੱਕਰਵਾਰ.....ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।
16 ਜੁਲਾਈ, ਦਿਨ ਸ਼ਨਿੱਚਰਵਾਰ..ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।
16 ਜੁਲਾਈ, ਦਿਨ ਸ਼ਨਿੱਚਰਵਾਰ..ਸੰਗਰਾਂਦ ਦਾ ਦਿਹਾੜਾ ਹੈ।
16 ਜੁਲਾਈ, ਦਿਨ ਸ਼ਨਿੱਚਰਵਾਰ..ਸ਼ਾਮ ਨੂੰ ਨੰਬਰ 1 ਦਰਬਾਰ ਹਾਲ ਵਿਚ ਬੀਬੀ ਸੰਤੋਸ਼ ਪ੍ਰਸਾਦ ਤੇ ਨੰਬਰ ਦੋ ਦਰਬਾਰ ਹਾਲ ਵਿਚ ਭਾਈ ਸਤਨਾਮ ਸਿੰਘ ਕੂਨਰ ਅਤੇ ਪਰਿਵਾਰ ਵਲੋਂ ਲੰਗਰ ਦੀ ਸੇਵਾ ਹੋਵੇਗੀ।
17 ਜੁਲਾਈ, ਦਿਨ ਐਤਵਾਰ......ਸਵੇਰ ਨੂੰ ਨੰਬਰ ਦੋ ਦਰਬਾਰ ਹਾਲ ਵਿਚ ਠੌਲੀ ਨਿਵਾਸੀ ਪਰਿਵਾਰਾਂ ਵਲੋਂ ਲੰਗਰ ਦੀ ਸੇਵਾ ਹੋਵੇਗੀ।
21 ਜੁਲਾਈ, ਦਿਨ ਵੀਰਵਾਰ......ਸਵੇਰ ਨੂੰ ਅਨੰਦ ਕਾਰਜ ਹੋਵੇਗਾ।
22 ਜੁਲਾਈ, ਦਿਨ ਸ਼ੁੱਕਰਵਾਰ.....ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।
23 ਜੁਲਾਈ, ਦਿਨ ਸ਼ਨਿੱਚਰਵਾਰ..ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।
23 ਜੁਲਾਈ, ਦਿਨ ਸ਼ਨਿੱਚਰਵਾਰ..ਸ਼ਾਮ ਨੂੰ ਨੰਬਰ 1 ਦਰਬਾਰ ਹਾਲ ਵਿਚ ਬੀਬੀ ਰਮਨ ਕੌਰ ਤੇ ਨੰਬਰ ਦੋ ਦਰਬਾਰ ਹਾਲ ਵਿਚ ਹਰਕਮਲਜੀਤ ਸਿੰਘ ਗਰੇਵਾਲ ਅਤੇ ਪਰਿਵਾਰ ਵਲੋਂ ਲੰਗਰ ਦੀ ਸੇਵਾ ਹੋਵੇਗੀ।
24 ਜੁਲਾਈ, ਦਿਨ ਐਤਵਾਰ......ਸਵੇਰ ਨੂੰ ਲੰਗਰ ਦੀ ਸੇਵਾ ਭਾਈ ਪਿਆਰਾ ਸਿੰਘ ਜਸਵਾਲ ਅਤੇ ਪਰਿਵਾਰ ਵਲੋਂ ਹੋਵੇਗੀ।
24 ਜੁਲਾਈ, ਦਿਨ ਐਤਵਾਰ......ਸਵੇਰ ਨੂੰ ਨੰਬਰ ਦੋ ਦਰਬਾਰ ਹਾਲ ਵਿਚ ਅਨੰਦ ਕਾਰਜ ਹੋਵੇਗਾ।

*ਹਰ ਮੰਗਲਵਾਰ ਅਤੇ ਵੀਰਵਾਰ ਸ਼ਾਮ ਨੂੰ 7:00 ਵਜੇ ਤੋਂ 8:00 ਵਜੇ ਤੱਕ ਯੋਗਾ ਦੀਆਂ ਕਲਾਸਾਂ ਲੱਗਦੀਆਂ ਹਨ। ਪੰਜਾਬੀ ਦੀਆਂ ਕਲਾਸਾਂ ਵੀ ਸ਼ੁਰੂ ਹੋ ਚੁੱਕੀਆਂ ਹਨ।*

ਹਰ ਬੁੱਧਵਾਰ ਬੀਬੀਆਂ ਵਲੋਂ ਸੁਖਮਨੀ ਸਾਹਿਬ ਦਾ ਪਾਠ ਸਵੇਰੇ 10:00 ਵਜੇ ਤੋਂ 12:30 ਵਜੇ ਤੱਕ ਕੀਤਾ ਜਾਂਦਾ ਹੈ।

ਨੋਟ: ਦਰਬਾਰ ਹਾਲ ਵਿੱਚ ਦਾਖਲ ਹੋਣ ਸਮੇਂ ਮਾਸਕ ਪਹਿਨਣਾ ਜਰੂਰੀ ਹੈ।

ਗੁਰਦੁਆਰਾ ਸਾਹਿਬ ਸਵੇਰੇ 5 ਵਜੇ ਤੋਂ ਸ਼ਾਮ 7:30 ਵਜੇ ਤੱਕ ਖੁੱਲ੍ਹਾ ਰਹੇਗਾ। ਸਵੇਰੇ ਨਿੱਤ ਨੇਮ ਤੇ ਸ਼ਾਮ ਨੂੰ ਰਹਿਰਾਸ ਦਾ ਪ੍ਰੋਗਰਾਮ ਹੋਵੇਗਾ। ਸੋਮਵਾਰ ਤੋਂ ਸ਼ਨਿੱਚਰਵਾਰ ਤੱਕ ਸਵੇਰੇ 10:00 ਵਜੇ ਤੋਂ 11:00 ਵਜੇ ਤੱਕ ਕੀਰਤਨ ਹੁੰਦਾ ਹੈ ਅਤੇ ਐਤਵਾਰ ਨੂੰ ਸਵੇਰੇ 9:30 ਵਜੇ ਤੋਂ 11:30 ਵਜੇ ਤੱਕ ਦਿਵਾਨ ਸਜਾਏ ਜਾਂਦੇ ਹਨ।

ਹੋਰ ਜਾਣਕਾਰੀ ਲਈ ਤੁਸੀਂ ਹੇਠ ਲਿਖੇ ਫੋਨ ਨੰਬਰਾਂ 'ਤੇ ਕਾਲ ਕਰ ਸਕਦੇ ਹੋ।
ਪਿਆਰਾ ਸਿੰਘ ਬੱਸਨ: 604-254-2117, 604-254-3572, 604-325-0891

ਸੰਗਤਾਂ ਦੇ ਦਾਸ: ਪ੍ਰਬੰਧਕ ਕਮੇਟੀ, ਅਕਾਲੀ ਸਿੰਘ ਸਿੱਖ ਸੁਸਾਇਟੀ    ਗੁਰਦੁਆਰਾ ਸਾਹਿਬ ਦਾ ਫੋਨ ਨੰਬਰ: (604) 254-2117

# ਕਾਵਿ ਕਿਆਰੀ

## ਨਵਾਂ ਬਦਲਾਅ

ਰੋਟੀ ਮਾਹਤੜ ਦੀ ਹੋ ਜਾਊ ਪੱਕਦੀ,
ਜਦੋਂ ਲਊ ਹੁਣ ਵਿਆਹ ਕਰਵਾ ਕਾਕਾ।
ਖਾਲੀ ਲੰਘੀ ਵੇਖ ਉਮਰਾਂ ਜਾਂਦੀ,
ਸੀ ਫਿਰਦਾ ਬੌਂਦਲਿਆ ਕਾਕਾ।
ਗੁੱਲੀ ਦਣ ਦੇ ਝੱਟ ਪੈਂਦਿਆਂ ਹੀ,
ਟੁੱਲ 'ਭਗਤਾ' ਗਿਆ ਲਾ ਕਾਕਾ।
ਰਿਹਾ ਰੁਲ਼ਦਾ ਸਭ ਕੁਝ ਹੁੰਦਿਆਂ ਹੀ,
ਆਖ਼ਰ ਬੰਨ੍ਹ ਹੀ ਘਰ ਗਿਆ ਕਾਕਾ।
ਛੜੇ ਤਲਾਕਾਂ ਰਹਿੰਦੇ ਕੁਆਰਿਆਂ ਨੂੰ,
ਸੇਧ ਵਿਆਹ ਦੀ ਰਿਹਾ ਪਾ ਕਾਕਾ।
ਖਰਾ ਉੱਤਰ ਚੋਣ ਵਾਅਦਿਆਂ 'ਤੇ,
ਗਿਆ ਨਵਾਂ ਲਿਆ ਬਦਲਾਅ ਕਾਕਾ।
ਹੱਦ ਕਰ ਗਿਆ ਮਦਾਰੀ ਪਾ ਖੇਡਾ,
ਖੇਡ ਕਮਾਲ ਦੀ ਖੇਡ ਗਿਆ ਕਾਕਾ।
ਸਿਹਰਾ ਬੰਨ੍ਹ ਬਰਾਬਰ ਕਲੀਰ੍ਹਿਆਂ ਨੇ,
ਝੰਜਟ ਵਿਆਹ 'ਚ ਲਿਆ ਫਸਾ ਕਾਕਾ।

**ਬਰਾੜ-ਭਗਤਾ ਭਾਈ ਕਾ**
**1-604-751-1113**

## ਕਿਆਮਤ

ਕਿਆਮਤ ਨਹੀਂ ਰੁਕਣੀ
ਭਾਵੇਂ ਨਿੱਤ ਬਗੀਚੇ ਲਾਈਏ
ਕਿਆਮਤ ਨਹੀਂ ਰੁਕਣੀ
ਭਾਵੇਂ ਲੱਖਾਂ ਬੂਟੇ ਵੰਡੀਏ
ਖ਼ਬਰਾਂ ਅਖ਼ਬਾਰਾਂ ਵਿੱਚ ਲਵਾਈਏ
ਰੁੱਖਾਂ ਦੇ ਸੋਹਣੇ ਗੀਤ
ਲਿਖ ਲਿਖ ਗਾਈਏ
ਕਿਆਮਤ ਨਹੀਂ ਰੁਕਣੀ
ਅਸੀਂ ਜੰਗਲ ਬਣਾਉਣੇ ਚਾਹੁੰਦੇ
ਘਰਾਂ ਖਾਤਰ ਜੰਗਲ ਕਟਾਈਏ
ਕਿਆਮਤ ਨਹੀਂ ਰੁਕਣੀ
ਕਿਉਂਕਿ
ਲਾ ਨਾ ਸਕੇ ਅਸੀਂ
ਮਨੁੱਖਤਾ ਦੇ ਬੂਟੇ
ਲਾਉਂਦੇ ਰਹੇ ਨਫਰਤਾਂ ਦੇ ਬੂਟੇ
ਕਦੋਂ ਲਾਏ ਅਸੀਂ ਪਿਆਰਾਂ ਦੇ ਬੂਟੇ
ਅਸੀਂ ਤਾਂ ਲਾਏ ਹਉਮੈ ਦੇ ਬੂਟੇ
ਪੈਰ - ਪੈਰ ਬੇਈਮਾਨੀ ਦਾ ਭੱਖੜਾ
ਸਾਡੇ ਪੈਰਾਂ ਨੂੰ ਜਖ਼ਮੀ ਕੀਤਾ
ਲਾਇਆ ਨਾ ਕਦੇ
ਦਇਆ ਦਾ ਬੂਟਾ
ਜਖ਼ਮ ਕਿਸੇ ਦਾ ਕਦੇ ਨਾ ਸੀਤਾ
ਤਾਹੀਂ ਮੌਸਮ ਬਿਗੜ ਗਏ ਨੇ
ਰਹਿਮਤ ਦਾ ਕੋਈ ਮੀਂਹ ਨਹੀਂ ਪੈਂਦਾ
ਮਾਨਵਤਾ ਦਾ ਕਾਲ ਪੈ ਗਿਆ
ਕਦੇ ਬੇ - ਮੌਸਮ ਮੌਤ ਮੇਘਲਾ
ਪੱਕੀ ਫ਼ਸਲ ਨੂੰ ਰੋੜ੍ਹ ਲੈ ਗਿਆ
ਕਿਹੜੇ ਦੀਪ ਜਗਾਵੇਂ 'ਰਸੀਆ '
ਝੱਖੜਾਂ ਦੇ ਵਿੱਚ ਬੁੱਝ ਜਾਣੇ ਨੇ
ਵਿੱਚ ਹੜ੍ਹਾਂ ਦੇ ਫ਼ਸਲ ਨਾ ਬਚਣੀ
ਯਾਰੋ ਬੀਜੇ ਰਿੰਡ ਫਲਣੇ ਨੇ
ਲਾਸ਼ਾਂ ਦੀ ਅਸਾਂ ਰੁੱਤ ਦੇਖ ਲਈ
ਐਪਰ ਅਕਲ ਕਿਸੇ ਨਾ ਕੀਤੀ
ਖ਼ੂਨ ਸਫ਼ੈਦ ਲਾਲ ਨਾ ਹੋਇਆ
ਪਤਝੜ ਦੀ ਰੁੱਤ ਇੰਝ  ਨੀ ਰੁਕਣੀ
ਯਤਨ ਅਸਾਡੇ ਬੜੇ ਨਿਗੂਣੇ
ਝੱਖੜ ਚੜ੍ਹਿਆ ਕੁਫ਼ਰ ਦਾ ਆਵੇ
ਸ਼ਾਇਰ ਦੀ ਅੱਖ ਦੇਖ ਰਹੀ ਹੈ
ਮਾਰੂਥਲ ' ਚੋਂ ਉੱਠਦੀ ਨੇਰ੍ਹੀ
ਯਾਰੋ ਧਰਤੀ ਬੰਜਰ ਹੋ ਗਈ
ਚੀਕ ਚੀਕਕੇ ਆਖ ਰਹੀ ਹੈ
ਕਿੰਝ ਕਿਆਮਤ ਰੁਕ ਸਕਦੀ ਹੈ ?
ਮੇਰੇ ਕੋਲ਼ ਕੋਈ ਰੁੱਖ ਨਹੀਂ ਹੈ
ਬੱਸ ਮੈਂ ਏਨਾ ਕਹਿ ਸਕਦੀ ਹਾਂ
ਹੁਣ ਕਿਆਮਤ ਰੁਕ ਨਹੀਂ ਸਕਦੀ...!!!



**ਗੁਰਜਿੰਦਰ ਸਿੰਘ ਰਸੀਆ**
**ਧਨੌਲਾ (ਬਰਨਾਲਾ)।**

## ਗੀਤ

ਭੁੱਲਿਓ ਨਾ ਮੇਰੇ ਯਾਰ ਪੁਰਾਣੇਂ ਯਾਰਾਂ ਨੂੰ।
ਦਿੰਦੇ ਰਹਿਣਾ ਪਿਆਰ ਪੁਰਾਣੇਂ ਯਾਰਾਂ ਨੂੰ।
ਕਾਗ਼ਜ਼ ਦੀ ਬੇੜੀ ਤੋਂ ਲੈ ਕੇ ਕਾਲਿਜ ਤਕ,
ਵਿੱਚ ਬੁਢਾਪੇ ਸੈਰ ਕਰੇਂਦੇ ਪਾਰਕ ਤਕ,
ਮਿਲਦਾ ਰਏ ਸਤਿਕਾਰ ਪੁਰਾਣੇਂ ਯਾਰਾਂ ਨੂੰ।
ਭੁੱਲਿਆਂ ਨਾ ਮੇਰੇ ਯਾਰ ਪੁਰਾਣੇਂ ਯਾਰਾਂ ਨੂੰ।
ਜਦ ਵੀ ਸਾਡੇ ਸ਼ਹਿਰ ਚ ਫ਼ੇਰਾ ਪਾਉਗੇ,
ਮੁਮਕਿਨ ਹੈ ਕਿ ਸਾਡੇ ਘਰ ਵੀ ਆਉਗੇ,
ਦੇ ਜਾਣਾ ਦੀਦਾਰ ਪੁਰਾਣੇ ਯਾਰਾਂ ਨੂੰ।
ਭੁੱਲਿਓ ਨਾ ਮੇਰੇ ਯਾਰ ਪੁਰਾਣੇਂ ਯਾਰਾਂ ਨੂੰ।
ਅਗਰ ਅਚਾਨਕ ਕਿਧਰੇ ਕੱਠੇ ਹੋ ਜਾਉ,
ਮੈਖ਼ਾਨੇ ਵਿੱਚ ਹਾਸ ਠਿਠੋਲੀ ਫਿਰ ਪਾਉ,
ਕਰਿਉ ਨਾ ਇਨਕਾਰ ਪੁਰਾਣੇ ਯਾਰਾਂ ਨੂੰ।
ਭੁੱਲਿਆਂ ਨਾ ਮੇਰੇ ਯਾਰ ਪੁਰਾਣੇਂ ਯਾਰਾਂ ਨੂੰ।
ਜਿਸ ਵਿਚ ਬੀਤੇ ਸਮਿਆਂ ਦਾ ਸਰਮਾਇਆ ਹੈ,
ਇਕ ਗੁਲਦਸਤਾ ਰੀਝਾਂ ਨਾਲ ਸਜਾਇਆ ਹੈ,
ਯਾਦਾਂ ਦਾ ਭੰਡਾਰ ਪੁਰਾਣੇ ਯਾਰਾਂ ਨੂੰ।
ਭੁੱਲਿਆਂ ਨਾ ਮੇਰੇ ਯਾਰ ਪੁਰਾਣੇਂ ਯਾਰਾਂ ਨੂੰ।
ਇੱਕ ਪੁਰਾਣੀ ਫਿਰ ਤੋਂ ਗ਼ਜ਼ਲ ਸੁਣਾਉਂਦਾ ਹਾਂ,
ਅਪਣੀ ਠਾਠ ਜਵਾਨੀ ਦੇ ਵਿਚ ਆਉਂਦਾ ਹਾਂ,
ਮਹਿਫ਼ਲ ਦੇ ਵਿਚਕਾਰ ਪੁਰਾਣੇ ਯਾਰਾਂ ਨੂੰ।
ਭੁੱਲਿਆਂ ਨਾ ਮੇਰੇ ਯਾਰ ਪੁਰਾਣੇਂ ਯਾਰਾਂ ਨੂੰ।
ਵਿਸ਼ਵ ਵਿਦਿਆਲੇ ਦੀ ਨੁੱਕਰ ਵਿਚ ਅਜ ਵੀ ਹੈ,
ਜਿਸ ਦੇ ਹੇਠਾਂ ਮਿਲਣੇਂ ਦੀ ਖਿੱਚ ਅੱਜ ਵੀ ਹੈ,
ਚੇਤੇ ਹੈ ਕਚਨਾਰ ਪੁਰਾਣੇ ਯਾਰਾਂ ਨੂੰ।
ਭੁੱਲਿਆਂ ਨਾ ਮੇਰੇ ਯਾਰ ਪੁਰਾਣੇਂ ਯਾਰਾਂ ਨੂੰ।
ਖੱਟੀਆਂ ਮਿੱਠੀਆਂ ਯਾਦਾਂ ਦੇ ਵਿਚ ਦੇ ਚੱਲਿਆਂ,
ਵਿਛੱੜ ਕੇ ਫ਼ਰਿਆਦਾਂ ਦੇ ਵਿਚ ਦੇ ਚੱਲਿਆਂ,
ਇਕ ਸੁੰਦਰ ਸੰਸਾਰ ਪੁਰਾਣੇ ਯਾਰਾਂ ਨੂੰ।
ਭੁੱਲਿਆਂ ਨਾ ਮੇਰੇ ਯਾਰ ਪੁਰਾਣੇਂ ਯਾਰਾਂ ਨੂੰ।
ਦੁਖ ਸੁਖ ਦੇ ਵਿਚ ਰਹਿਬਰ ਬਣਕੇ ਚਲਦੇ ਜੋ,
ਹਰ ਆਦਤ ਅਨੁਕੂਲ ਬਰਾਬਰ ਢਲਦੇ ਜੋ,
ਕਹਿੰਦੇ ਸਿਰਜਨਹਾਰ ਪੁਰਾਣੇ ਯਾਰਾਂ ਨੂੰ।
ਭੁੱਲਿਆਂ ਨਾ ਮੇਰੇ ਯਾਰ ਪੁਰਾਣੇਂ ਯਾਰਾਂ ਨੂੰ।
ਗ਼ਜ਼ਲ ਕਹਾਣੀ ਕਵਿਤਾ ਬੈਂਤ ਰੁਬਾਈ ਵਿਚ,
ਬਾਲਮ, ਬੀਤੇ ਸਮਿਆਂ ਦੀ ਸ਼ਹਿਨਾਈ ਵਿਚ,
ਦਿੱਤਾ ਸਭਿਆਚਾਰ ਪੁਰਾਣੇ ਯਾਰਾਂ ਨੂੰ।
ਭੁੱਲਿਆਂ ਨਾ ਮੇਰੇ ਯਾਰ ਪੁਰਾਣੇਂ ਯਾਰਾਂ ਨੂੰ।

**ਬਲਵਿੰਦਰ ਬਾਲਮ ਗੁਰਦਾਸਪੁਰ**

## .ਗਜ਼ਲ

ਕਾਰਵਾਂ ਚੱਲਦਾ ਰਿਹਾ ਚੱਲਦਾ ਰਿਹਾ।
ਦੀਪ ਕੋਈ ਜਲ਼ਦਾ ਰਿਹਾ ਜਲ਼ਦਾ  ਰਿਹਾ।
ਹਮਸਫ਼ਰ ਰਲ਼ਦੇ ਰਹੇ ਰਲ਼ਦੇ ਰਹੇ।
ਤੂੰ ਕੋਈ ਘੱਲਦਾ ਰਿਹਾ ਘੱਲਦਾ ਰਿਹਾ।
ਦਫ਼ਨ ਕੁੱਝ ਹੁੰਦੇ ਰਹੇ ਹੁੰਦੇ ਰਹੇ।
ਸਿਵਾ ਕੋਈ ਬਲ਼ਦਾ ਰਿਹਾ ਬਲ਼ਦਾ ਰਿਹਾ।
ਮੌਤ ਕੁੱਝ ਕਹਿੰਦੀ ਰਹੀ ਕਹਿੰਦੀ ਰਹੀ।
ਅਮਲ ਵਿੱਚ ਢਲ਼ਦਾ ਰਿਹਾ ਢਲ਼ਦਾ ਰਿਹਾ।
ਵਜਦ ਵਿੱਚ ਜਾਂਦੇ ਰਹੇ ਜਾਂਦੇ ਰਹੇ।
ਖੇਲ ਕੋਈ ਚੱਲਦਾ ਰਿਹਾ ਚੱਲਦਾ ਰਿਹਾ।
ਦਰਦ ਕੋਈ ਮਿਟਦਾ ਰਿਹਾ ਮਿਟਦਾ ਰਿਹਾ।
ਮਰ੍ਹਮ ਕੋਈ ਮਲ਼ਦਾ ਰਿਹਾ  ਮਲ਼ਦਾ ਰਿਹਾ।
ਸੂਰਜ ਕੋਈ ਉੱਗਦਾ ਰਿਹਾ ਉੱਗਦਾ ਰਿਹਾ।
ਸੱਚ ਲਈ ਬਲ਼ਦਾ ਰਿਹਾ ਬਲ਼ਦਾ ਰਿਹਾ।

**ਗੁਰਜਿੰਦਰ ਸਿੰਘ ਰਸੀਆ**
**ਧਨੌਲਾ ਬਰਨਾਲਾ**


ਵੈਨਕੂਵਰ ਵਿੱਚ ਸਵੀਟ ਕਿੰਗ ਵਜੋਂ ਜਾਣਿਆ ਜਾਂਦਾ

**ਪੰਜਾਬ ਸਵੀਟ ਹਾਊਸ**

ਜਿੱਥੇ ਇੰਡੀਆ ਵਰਗੀ ਸਵਾਦ ਮਠਿਆਈ, ਲੱਡੂ, ਗਰਮਾ-ਗਰਮ ਜਲੇਬੀਆਂ ਅਤੇ ਭਾਂਤ-ਭਾਂਤ ਦੇ ਨਮਕੀਨ ਹਰ ਸਮੇਂ ਤਿਆਰ ਮਿਲਦੇ ਹਨ।

ਸਾਨੂੰ ਇੱਕ ਮਠਿਆਈਆਂ ਬਣਾਉਣ ਲਈ ਤਜਰਬੇਕਾਰ ਹਲਵਾਈ ਦੀ ਲੋੜ ਹੈ ਜਿਸ ਕੋਲ ਘਟੋ ਘਟ 5 ਸਾਲ ਦਾ ਤਜਰਬਾ ਹੋਵੇ।

WE NEED AN EXPERIENCED SWEETMAKER, WHICH ATLEAST HAVE 5 YEARS OF EXPERIENCE



ਗੁਰਦੁਆਰਾ ਸਾਹਿਬ, ਜਨਮ ਦਿਨ, ਵਿਆਹ ਸ਼ਾਦੀ ਦੀਆਂ ਪਾਰਟੀਆਂ ਲਈ ਖਾਸ ਡਿਸਕਾਊਂਟ ਵਧੀਆ ਸੇਵਾਂਵਾ ਲਈ ਫੋਨ ਕਰੋ

*2 Locations to Serve you*

#4-12818-72 Ave.,
Surrey, BC
**604-591-7611**

#8A-31205 Old Yale Rd.,
Abbotsford, BC
**604-504-1761**



ਤੁਹਾਡੇ ਕਾਨੂੰਨੀ ਮਾਮਲਿਆਂ ਵਿਚ ਨੁਮਾਇੰਦਗੀ ਅਤੇ ਮਾਹਿਰ ਸਲਾਹ ਮਸ਼ਵਰਾ



**ਫੈਮਲੀ ਲਾਅ**
- ਵੱਖ ਵੱਖ ਹੋਏ,ਵਿਆਹ, ਪੀੜਤ ਅਤੇ ਮੁੜ ਇਕੱਠੇ ਰਹਿਣ ਲਈ ਸਮਝੌਤਾ
- ਤਲਾਕ ਅਤੇ ਵੱਖ ਹੋਣ ਦੀ ਕਾਰਵਾਈ
- ਬੱਚੇ ਅਤੇ ਸਪਾਊਜ਼ਲ ਸਹਾਇਤਾ
- ਜਾਇਦਾਦ ਦੀ ਵੰਡ
- ਗੋਦ ਲੈਣ ਦੀ ਐਪਲੀਕੇਸ਼ਨ
- ਬੱਚੇ ਨਾਲ਼ ਰਹਿਣ ਦੇ ਅਧਿਕਾਰ ਦੀ ਐਪਲੀਕੇਸ਼ਨ

**ਇਮੀਗ੍ਰੇਸ਼ਨ ਲਾਅ**
- ਸਟੂਡੈਂਟਸ, ਵਰਕਰਜ਼ ਅਤੇ ਵਿਜ਼ਟਰ ਕੇਸ
- ਇਮੀਗ੍ਰੇਸ਼ਨ ਨਾਲ ਸਬੰਧਿਤ ਸਾਰੇ ਮਾਮਲੇ
- ਸਪਾਂਸਰਸ਼ਿਪ ਕੇਸ

**ਬੀ.ਸੀ. ਅਤੇ ਐਲਬਰਟਾ ਵਿਚ ਰਿਅਨਲ ਐਸਟੇਟ**
- ਬੀ.ਸੀ. ਅਤੇ ਐਲਬਰਟਾ ਖੇਤਰ ਵਿਚ ਰਿਹਾਇਸ਼ੀ ਜਾਇਦਾਦ ਦੀ ਵਿਕਰੀ/ਖ਼੍ਰੀਦਦਾਰੀ
- ਬਿਜ਼ਨਸ ਦੀ ਵਿਕਰੀ / ਖ਼੍ਰੀਦਦਾਰੀ
- ਜ਼ਮੀਨ ਦੀ ਵਰਤੋਂ, ਰੀਅਲ ਐਸਟੇਟ, ਪ੍ਰਾਪਰਟੀ ਟੈਕਸ ਅਸੈਸਮੈਂਟ
- ਲੀਨ (Lien) ਦੇ ਕਲੇਮ
- ਕਾਂਟਰੈਕਟੀਅਲ ਕਲੇਮ
- ਰੀਅਲ ਐਸਟੇਟ ਲਿਟੀਗੇਸ਼ਨ

**ਇੰਪਲਾਇਮੈਂਟ ਲਾਅ**
- ਇੰਪਲਾਇਮੈਂਟ ਇਕਰਾਰਨਾਮਿਆਂ ਦਾ ਰੀਵਿਊ
- ਇੰਪਲਾਇਮੈਂਟ ਇਕਰਾਰਨਾਮਾ ਤਿਆਰ ਕਰਨਾ
- ਗੈਰ-ਕਾਨੂੰਨੀ ਬਰਖਾਸਤੀ
- ਇੰਪਲਾਇਮੈਂਟ ਇਕਰਾਰਨਾਮੇ ਦੀ ਉਲੰਘਣਾ
- ਕੰਮ ਦੇ ਸਥਾਨ 'ਤੇ ਲੱਗੀ ਸੱਟ
- ਕੰਮ ਦੇ ਸਥਾਨ 'ਤੇ ਸੋਸ਼ਣ ਅਤੇ ਪ੍ਰੇਸ਼ਾਨੀ
- ਕੰਮ ਦੇ ਸਥਾਨ 'ਤੇ ਸਮਾਗਮਾਂ ਦੇ ਕਲੇਮ

**ਕਾਰਪੋਰੇਟ ਅਤੇ ਬਿਜ਼ਨਸ ਲਾਅ**
- ਸ਼ੇਅਰ ਹੋਲਡਰ ਸਮਝੌਤੇ
- ਲੀਜ਼ ਐਗਰੀਮੈਂਟ
- ਕਿਰਾਏਦਾਰਾਂ ਦਾ ਐਗਰੀਮੈਂਟ
- ਕੰਪਨੀ ਬਣਾਉਣਾ ਅਤੇ ਖਤਮ ਕਰਨਾਂ
- ਪਾਰਟਨਰਸ਼ਿਪ ਅਤੇ ਸਾਂਝੇ ਯਤਨ
- ਬਿਜ਼ਨਸ ਵਿਵਾਦ/ਸ਼ੇਅਰ ਹੋਲਡਰ ਵਿਵਾਦ

**ਨੋਟਰੀ ਸੇਵਾਵਾਂ**
- ਨੋਟਰਾਈਜੇਸ਼ਨਜ਼
- ਵਸੀਅਤ, ਜਾਇਦਾਦ ਅਤੇ ਟਰੱਸਟ
- ਹਲਫਨਾਮੇ ਅਤੇ ਘੋਸ਼ਣਾਵਾਂ
- ਵਿਜ਼ਟਰ ਵੀਜ਼ੇ, ਸੁਪਰ ਵੀਜ਼ੇ ਦੀ ਘੋਸ਼ਣਾਵਾਂ
- ਸਪਾਂਸਰਸ਼ਿਪ ਘੋਸ਼ਣਾਵਾਂ
- ਮੁਖਤਿਆਰਨਾਮਾ

**ਸਾਡੀ ਚੋਣ ਕਰਨ ਦੇ ਫਾਇਦੇ**
- ਘੱਟ ਕੀਮਤ 'ਤੇ ਵਧੀਆ ਕੁਆਲਿਟੀ ਦੀ ਲੀਗਲ ਸਰਵਿਸ
- ਇਮਾਨਦਾਰ ਸਲਾਹ ਅਤੇ ਤੁਹਾਡੀ ਜ਼ਰੂਰਤ ਦੇ ਅਨੁਸਾਰ ਹੱਲ
- ਗਾਹਕ ਦੀ ਪੂਰੀ ਤਸੱਲੀ ਅਤੇ ਦਿਮਾਗੀ ਸ਼ਾਂਤੀ
- ਵਧੀਆ ਨਤੀਜੇ

**ਚਰਨਜੀਤ ਕੌਰ ਰੈਨਾ**

**ਵਕੀਲ ਅਤੇ ਨੋਟਰੀ ਪਬਲਿਕ**

**778 835 8455**

#201-13049 76th Avenue, Surrey BC  V3W2V7
www.rainalaw.com  Email : craina@rainalaw.com

ਦੇਗ ਤੇਗ ਫਤਹਿ ਪੰਥ ਕੀ ਜੀਤ

# ਗੁਰਦੁਆਰਾ ਸਾਹਿਬ ਕਲਗੀਧਰ ਦਰਬਾਰ

30640 ਬਲਿਊਰਿਜ ਡਰਾਈਵ, ਐਬਟਸਫੋਰਡ, ਬੀ.ਸੀ. ਫੋਨ (604)504-5530



## ਹਫਤਾਵਾਰੀ ਪ੍ਰੋਗਰਾਮਾਂ ਦਾ ਵੇਰਵਾ

*14 ਜੁਲਾਈ ਦਿਨ ਵੀਰਵਾਰ ਸ਼ਾਮ ਦੇ ਲੰਗਰ ਦੀ ਸੇਵਾ ਸ. ਦਵਿੰਦਰ ਸਿੰਘ ਅਤੇ ਸਮੂਹ ਸੇਵਾਦਾਰਾਂ ਵੱਲੋਂ

*15 ਜੁਲਾਈ ਦਿਨ ਸ਼ੁੱਕਰਵਾਰ ਅਖੰਡਪਾਠ ਘਰ ਵਿਖੇ:ਸ. ਵਰਿੰਦਰ ਸਿੰਘ ਢੀਂਡਸਾ ਅਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ।

*15 ਜੁਲਾਈ ਦਿਨ ਸ਼ੁੱਕਰਵਾਰ ਅਖੰਡਪਾਠ ਘਰ ਵਿਖੇ ਸ. ਸਤਨਾਮ ਸਿੰਘ ਅਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ।

*16 ਜੁਲਾਈ ਦਿਨ ਸ਼ਨੀਵਾਰ ਅਨੰਦ ਕਾਰਜ ਦੀ ਰਸਮ ਸ. ਹਰਬਾਗ ਸਿੰਘ ਗਰੇਵਾਲ ਅਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ।

*16 ਜੁਲਾਈ ਦਿਨ ਸ਼ਨੀਵਾਰ ਸ਼ਾਮ ਦੇ ਲੰਗਰ ਦੀ ਸੇਵਾ ਸ. ਮਨਜਿੰਦਰ ਸਿੰਘ ਦਿਉਲ ਅਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ

*17 ਜੁਲਾਈ ਦਿਨ ਐਤਵਾਰ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਅਤੇ ਸ਼ਾਮ ਦੇ ਲੰਗਰ ਦੀ ਸੇਵਾ ਸ. ਚਮਕੌਰ ਗਿੱਲ, ਸ. ਰਣਜੀਤ ਗਿੱਲ ਅਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ

## ਲੜੀਵਾਰ ਕੀਰਤਨ ਅਤੇ ਕਥਾ ਸਮਾਗਮ

### ਜੁਲਾਈ 5 ਦਿਨ ਮੰਗਲਵਾਰ ਤੋਂ 17 ਜੁਲਾਈ ਦਿਨ ਐਤਵਾਰ ਤੱਕ

ਗੁਰੂ ਪਿਆਰੀ ਸਾਧ ਸੰਗਤ ਜੀ

ਗੁਰਦੁਆਰਾ ਕਲਗੀਧਰ ਦਰਬਾਰ ਸਾਹਿਬ ਵਿਖੇ 5 ਜੁਲਾਈ ਦਿਨ ਮੰਗਲਵਾਰ ਤੋਂ 17 ਜੁਲਾਈ ਦਿਨ ਐਤਵਾਰ ਤੱਕ ਰੋਜਾਨਾ ਸ਼ਾਮ 7-8.30 ਵਜੇ ਤੱਕ ਬਾਬਾ ਗੁਰਦਿਆਲ ਸਿੰਘ ਜੀ ਟਾਂਡੇ ਵਾਲੇ ਗੁਰਬਾਣੀ ਕੀਰਤਨ ਕਥਾ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ।

### ਗੁਰਦੁਆਰਾ ਸਾਹਿਬ ਵਿਖੇ ਹਾਜਰੀ ਭਰ ਰਹੇ ਪ੍ਰਚਾਰਕ ਸਿੰਘ

- ਭਾਈ ਰਸ਼ਵਿੰਦਰ ਸਿੰਘ ਜੀ ਦਾ ਜਥਾ
- ਕਥਾ ਵਾਚਕ:ਗਿਆਨੀ ਗੁਰਪ੍ਰੀਤ ਸਿੰਘ ਜੀ ਦਿੱਲੀ ਬੰਗਲਾ ਸਾਹਿਬ ਵਾਲੇ

**ਜਰੂਰੀ ਬੇਨਤੀ:** ਕੋਵਿਡ-19 ਦੀਆਂ ਸਰਕਾਰੀ ਹਦਾਇਤਾਂ ਦੀ ਪਾਲਣਾ ਕਰੋ। ਘੱਟ ਤੋਂ ਘੱਟ ਤੋਂ 6 ਫੁੱਟ ਦੀ ਦੂਰੀ ਬਣਾ ਕੇ ਰੱਖੋ। ਗੁਰਦੁਆਰਾ ਸਾਹਿਬ ਵਿਖੇ ਮਾਸਕ ਤੇ ਸੈਨੀਟਾਇਜ਼ਰ ਉਪਲਬਧ ਹੈ।

## ਗੁਰਦੁਆਰਾ ਸਾਹਿਬ ਵਿਖੇ ਪ੍ਰੋਗਰਾਮ ਬੁੱਕ ਕਰਨ ਲਈ ਸੰਪਰਕ ਕਰੋ ਜੀ

ਗੁਰਦੁਆਰਾ ਸਾਹਿਬ:604-504-5530,

ਬਲਵੀਰ ਸਿੰਘ ਬਨਵੈਤ (ਮੁੱਖ ਸੇਵਾਦਾਰ) 604-636-4247, ਮਨਜੀਤ ਸਿੰਘ ਗਰੇਵਾਲ:778-908-1570

ਗਿਆਨੀ ਬਲਰਾਜ ਸਿੰਘ (ਗ੍ਰੰਥੀ):236-887-5274, ਗਿਆਨੀ ਕੇਵਲ ਸਿੰਘ (ਗ੍ਰੰਥੀ):778-347-8284



# ਸੋਫਾ ਫੈਕਟਰੀ

**LOWEST PRICES IN TOWN**

**ਸਟੋਰ ਤੇ ਆ ਕੇ ਵੇਖੋ**





## Biggest Sale of the Year

ਇੱਥੇ ਹਰ ਤਰਾਂ ਦੇ ਟਰੱਕਾਂ ਦੇ ਮੇਟਰੈਸ
ਅਤੇ ਫੋਮ ਦੇ ਗੱਦੇ ਮਿਲਦੇ ਹਨ।











**2 PCS SOFA & LOVE SEAT**

**$1350**







ਤੁਹਾਡੇ ਘਰ ਆ ਕੇ ਮਿਣਤੀ ਕਰ ਕੇ
ਕਸਟਮ ਸੈਕਸ਼ਨਲ ਬਣਾਉਂਦੇ ਹਾਂ।
ਤੁਸੀਂ ਆਪਣੀ ਮਰਜ਼ੀ ਦਾ ਕੱਪੜਾ
ਤੇ ਰੰਗ ਸਿਲੈਕਟ ਕਰ ਸਕਦੇ ਹੋ

**ਕੈਨੇਡਾ ਦੇ ਬਣੇ ਹੋਏ ਬਾਕਸ ਬੈੱਡ ਅਤੇ ਫੋਮ ਦੇ ਮੈਟਰਸ ਕਿਸੇ ਵੀ ਸਾਇਜ਼ ਵਿਚ ਮਿਲਦੇ ਹਨ**

# B&B FURNITURE

**12732-80TH AVE. SURREY**

**604.594.6533**

ਪੰਜਾਬ ਕਲਾਥ ਦੇ
ਬਿਲਕੁਲ ਸਾਹਮਣੇ

# Dev Bros

**Custom Tailoring**

‘ਦੇਵ ਬ੍ਰਦਰਜ’ ਕੋਟਕਪੂਰਾ ਵਾਲਿਆਂ ਦਾ
ਨਵਾਂ ਸਟੋਰ ਹੁਣ ਐਬਟਸਫੋਰਡ ‘ਚ


**We Specialize In**

*Men’s & Women’s Clothing *Custom Tailoring,
*Source of Bridal Wear *Party Dresses,
*Punjabi Suits For Fashion Freaks

ਤੁਸੀਂ ਇਥੋਂ ਮਰਦਾਂ ਦੇ ਸੂਟ, Groom Wedding Dress,
ਕੁਰਤੇ ਪਜਾਮੇ, ਲੇਡੀਜ ਸੂਟ, Bride Wedding
Dress latest ਡਿਜਾਈਨਾਂ ਵਿਚ ਖਰੀਦ ਸਕਦੇ ਹੋ

**Phone:604-880-8434**

#118, 32083 Hillcrst Ave, Abbotsford



# PEACE FURNITURE

**For The Peace Of Your Mind**









ਇਥੋਂ ਤੁਸੀਂ ਆਪਣੀ ਮਨਪਸੰਦ ਦੇ ਬੈੱਡ ਬਣਵਾ ਸਕਦੇ ਹੋ

| Business Hours: | |
|---|---|
| | Mon-Fri: 8am to 6pm |
| | Sat-Sun: 12 pm to 6 pm |

**604-902-1415**

**#A/B/C 7967-128St, Surrey, BC V3W 4E7**

Email:sales@peacefurnituire.ca Web:www.peacefurniture.ca